PAIGAM-E-JAGAT

ਪੈਗ਼ਾਮ-ਏ-ਜਗਤ

"ਸਫਲਤਾ ਦੀ ਸਭ ਤੋਂ ਖਾਸ ਗੱਲ ਇਹ ਹੈ ਕਿ ਇਹ ਉਨ੍ਹਾਂ ਲੋਕਾਂ ਦਾ ਪੱਖ ਪੂਰਦੀ ਹੈ ਜੋ ਸਖ਼ਤ ਮਿਹਨਤ ਕਰਦੇ ਹਨ।

Title code : CHAMUL00914 | E-mail : Info@paigamejagat.com | ਸ਼ੁੱਕਰਵਾਰ, 25 ਸਤੰਬਰ 2026, ਸਾਲ-4, ਅੰਕ-8, ਚੰਡੀਗੜ੍ਹ, ਮੁੱਖ ਸੰਪਾਦਕ : ਦਵਿੰਦਰ ਕੁਮਾਰ, ਸੰਪਰਕ-9878862733, 9872340701

ਸਮਾਜਿਕ ਨਿਆਂ ਸਿਰਫ਼ ਭਲਾਈ ਤੱਕ ਸੀਮਤ ਨਹੀਂ, ਸਗੋਂ ਇਹ ਮਾਣ-ਸਤਿਕਾਰ, ਮੌਕਿਆਂ ਅਤੇ ਸਸ਼ਕਤੀਕਰਨ ਬਾਰੇ ਹੈ: ਭਗਵੰਤ ਮਾਨ

ਹਰੇਕ ਪਿੰਡ ਨੂੰ ਸ਼ੁਰੂ ਵਿੱਚ ਬਿਨਾਂ ਕਿਸੇ ਸ਼ਰਤ ਦੇ 20 ਲੱਖ ਰੁਪਏ ਦੇ ਫੰਡ ਜਾਰੀ ਕੀਤੇ ਜਾਣਗੇ; ਲੋੜ ਅਨੁਸਾਰ ਫੰਡਾਂ ਵਿੱਚ ਵਾਧਾ ਕੀਤਾ ਜਾ ਸਕੇਗਾ: ਭਗਵੰਤ ਮਾਨ

ਚੰਡੀਗੜ੍ਹ, 24 ਸਤੰਬਰ (ਪੈ.ਗਾਮ-ਏ-ਜਗਤ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸੂਬੇ ਦੇ ਉਨ੍ਹਾਂ 3,763 ਪਿੰਡਾਂ ਦੇ ਸਰਬਪੱਖੀ ਅਤੇ ਸਮੂਹਿਕ ਵਿਕਾਸ ਲਈ 750 ਕਰੋੜ ਰੁਪਏ ਤੋਂ ਵੱਧ ਦੇ ਵਿਆਪਕ ਪ੍ਰੋਜੈਕਟ ਦਾ ਐਲਾਨ ਕੀਤਾ ਹੈ, ਜਿੱਥੇ ਅਨੁਸੂਚਿਤ ਜਾਤੀ (ਐਸ.ਸੀ.) ਵਰਗ ਦੀ ਆਬਾਦੀ 40 ਫ਼ੀਸਦੀ ਤੋਂ ਵੱਧ ਹੈ।



ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੇ ਕੰਮਕਾਜ ਦੀ ਸਮੀਖਿਆ ਲਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਪਹਿਲਕਦਮੀ ਨਾਲ ਸਮਾਜਿਕ ਨਿਆਂ ਅਤੇ ਇਨ੍ਹਾਂ ਪਿੰਡਾਂ ਦੇ ਸਰਵਪੱਖੀ ਵਿਕਾਸ ਨੂੰ ਵੱਡਾ ਹੁਲਾਰਾ ਮਿਲੇਗਾ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਹਰ ਪਿੰਡ ਤਰੱਕੀ ਲਈ ਬਰਾਬਰ ਦੇ ਮੌਕਿਆਂ ਦਾ ਹੱਕਦਾਰ ਹੈ, ਇਸ ਲਈ ਵਿਕਾਸ ਉਨ੍ਹਾਂ ਵਰਗਾਂ ਅਤੇ ਖੇਤਰਾਂ ਤੱਕ ਵੀ ਪਹੁੰਚਣਾ ਚਾਹੀਦਾ ਹੈ ਜੋ ਦਹਾਕਿਆਂ ਤੱਕ ਇਸ ਖੁਣੋਂ ਪੱਛੜੇ ਰਹੇ ਹਨ।

ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਵਿੱਚ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਨੋਡਲ ਵਿਭਾਗ ਵਜੋਂ ਕੰਮ ਕਰੇਗਾ, ਜਦਕਿ ਪੇਂਡੂ ਵਿਕਾਸ ਅਤੇ ਬਾਗਬਾਨੀ ਵਿਭਾਗ ਲੋੜੀਂਦਾ ਸਹਿਯੋਗ ਦੇਣਗੇ। ਮੁੱਖ ਮੰਤਰੀ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਹਰੇਕ ਪਿੰਡ ਦੀਆਂ ਖਾਸ ਲੋੜਾਂ ਦੀ ਪਛਾਣ ਕਰਕੇ ਤਰਜੀਹ ਅਨੁਸਾਰ ਕੰਮ ਕਰਵਾਉਣਾ ਯਕੀਨੀ ਬਣਾਉਣਗੇ ਤਾਂ ਜੋ ਲੋਕਾਂ ਦੇ ਪੈਸੇ ਦੀ ਵਰਤੋਂ ਸਹੀ ਢੰਗ ਨਾਲ ਪਹਿਲਾਂ ਉਥੇ ਹੋ ਸਕੇ ਜਿੱਥੇ ਇਸਦੀ ਸਭ ਤੋਂ ਵੱਧ ਲੋੜ ਹੈ। ਉਨ੍ਹਾਂ ਕਿਹਾ, "ਹਰੇਕ ਪਿੰਡ ਨੂੰ ਸ਼ੁਰੂ ਵਿੱਚ ਬਿਨਾਂ ਕਿਸੇ ਸ਼ਰਤ ਦੇ 20 ਲੱਖ ਰੁਪਏ ਦਾ ਫੰਡ ਜਾਰੀ ਕੀਤਾ ਜਾਵੇਗਾ ਅਤੇ ਫੰਡਾਂ ਦੀ ਸਹੀ ਵਰਤੋਂ ਅਤੇ ਵਾਧੂ ਲੋੜਾਂ ਦੇ ਮੁਲਾਂਕਣ ਤੋਂ ਬਾਅਦ ਇਸ ਰਕਮ ਵਿੱਚ ਵਾਧਾ ਕੀਤਾ ਜਾ ਸਕੇਗਾ। ਮੁੱਖ ਮੰਤਰੀ ਨੇ ਕਿਹਾ ਕਿ ਹਰੇਕ ਪਿੰਡ ਲਈ ਵਿਸ਼ੇਸ਼ ਪਿੰਡ ਵਿਕਾਸ ਯੋਜਨਾ (ਵੀ.ਡੀ.ਪੀ.) ਤਿਆਰ ਕੀਤੀ ਜਾਵੇਗੀ ਤਾਂ ਜੋ ਸੁਚੱਜੇ ਤਾਲਮੇਲ ਨਾਲ ਲੋੜ-ਅਧਾਰਤ, ਅਤੇ ਨਤੀਜਾ-ਮੁਖੀ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ, "ਸਾਡਾ ਮੰਤਵ ਸਿਰਫ਼ ਪੈਸਾ ਖ਼ਰਚ ਕਰਨਾ ਨਹੀਂ ਹੈ ਸਗੋਂ ਪਿੰਡਾਂ ਦੀ ਕਾਇਆ-ਕਲਪ ਕਰਨਾ ਅਤੇ ਹਰ ਨਾਗਰਿਕ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣਾ ਹੈ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪੰਜਾਬ ਦੇ ਵਿਕਾਸ ਲਈ ਵਿਸ਼ਾਲ ਮੁਹਿੰਮ ਸ਼ੁਰੂ ਕੀਤੀ ਹੈ ਅਤੇ ਇਸ ਵਿਕਾਸ ਯਾਤਰਾ ਵਿੱਚ ਕੋਈ ਵੀ ਪਿੰਡ ਪਿੱਛੇ ਨਹੀਂ ਰਹਿਣਾ ਚਾਹੀਦਾ। ਉਨ੍ਹਾਂ ਕਿਹਾ ਕਿ ਇਨ੍ਹਾਂ ਫੰਡਾਂ ਦੀ ਵਰਤੋਂ ਜ਼ਰੂਰੀ ਜਨਤਕ ਸਹੂਲਤਾਂ ਜਿਵੇਂ ਕਿ ਆਰ.ਓ. ਸਿਸਟਮ, (ਬਾਕੀ ਸਫ਼ਾ 2 'ਤੇ)

ਸ਼ਿਮਲਾ ਦੇ ਨੇਰਵਾ 'ਚ ਸੱਪ ਦੇ ਡੰਗਣ ਨਾਲ ਦੋ ਸਕੀਆਂ ਭੈਣਾਂ ਦੀ ਮੌਤ

ਸ਼ਿਮਲਾ : ਹਿਮਾਚਲ ਪ੍ਰਦੇਸ਼ ਦੇ ਸ਼ਿਮਲਾ ਜ਼ਿਲ੍ਹੇ ਅਧੀਨ ਆਉਂਦੇ ਚੌਪਾਲ ਉਪ-ਮੰਡਲ ਦੇ ਨੇਰਵਾ ਖੇਤਰ ਦੇ 'ਟੇਲਰ' ਪਿੰਡ ਵਿੱਚ ਦੋ ਭੈਣਾਂ, ਮਹਕ (10) ਅਤੇ ਕਨਕ (7) ਦੀ ਸ਼ੱਕੀ ਹਾਲਾਤਾਂ ਵਿੱਚ ਮੌਤ ਹੋ ਗਈ। ਹਾਲਾਂਕਿ ਮੌਤ ਦੇ ਅਸਲ ਕਾਰਨ ਦੀ ਅਜੇ ਪੁਸ਼ਟੀ ਨਹੀਂ ਹੋਈ ਹੈ, ਪਰ ਸ਼ੱਕ ਜਤਾਇਆ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਸੱਪ ਨੇ ਡੰਗਿਆ ਸੀ। ਇਹ ਘਟਨਾ 20 ਸਤੰਬਰ ਦੀ ਰਾਤ ਨੂੰ ਵਾਪਰੀ ਜਦੋਂ ਦੋਵੇਂ ਭੈਣਾਂ ਘਰ ਵਿੱਚ ਸੁੱਤੀਆਂ ਹੋਈਆਂ ਸਨ; ਅਗਲੀ ਸਵੇਰ ਉਹ ਬੇਹੋਸ਼ ਹਾਲਤ ਵਿੱਚ ਮਿਲੀਆਂ। ਉਨ੍ਹਾਂ ਨੂੰ ਇਲਾਜ ਲਈ ਆਈ.ਜੀ.ਐਮ.ਸੀ. ਸ਼ਿਮਲਾ ਰੈਫਰ ਕੀਤਾ ਗਿਆ, ਜਿੱਥੇ ਬਾਅਦ ਵਿੱਚ ਉਨ੍ਹਾਂ ਦੀ ਮੌਤ ਹੋ ਗਈ। ਪੁਲਿਸ ਅਨੁਸਾਰ, ਮਹਕ ਅਤੇ (ਬਾਕੀ ਸਫ਼ਾ 2 'ਤੇ)

11 ਸਾਲਾ ਮਹਿਕ ਤੇ 8 ਸਾਲਾ ਕਨਕ ਨੇ ਇਲਾਜ ਦੌਰਾਨ ਤੋੜਿਆ ਦਮ

6 ਸਾਲਾਂ ਤੋਂ ਫ਼ਰਾਰ ਬਰਖ਼ਾਸਤ ਡੀਆਈਜੀ ਰਾਜਜੀਤ ਸਿੰਘ ਹੁੰਦਲ ਨੇ ਕੀਤਾ ਸਰੈਂਡਰ

ਪਟਿਆਲਾ, 24 ਸਤੰਬਰ (ਪੈ.ਗਾਮ-ਏ-ਜਗਤ)

ਪੰਜਾਬ ਪੁਲਿਸ ਦੇ ਬਰਖ਼ਾਸਤ ਸਾਬਕਾ 197 ਰਾਜਜੀਤ ਸਿੰਘ ਹੁੰਦਲ ਨੇ ਵੀਰਵਾਰ ਨੂੰ ਪਟਿਆਲਾ ਪੁਲਿਸ ਅੱਗੇ ਸਰੈਂਡਰ ਕਰ ਦਿੱਤਾ। ਇਸ ਤੋਂ ਬਾਅਦ ਪੁਲਿਸ ਨੇ ਉਨ੍ਹਾਂ ਨੂੰ ਰਸਮੀ ਤੌਰ ਤੇ ਗ੍ਰਿਫ਼ਤਾਰ ਕਰ ਲਿਆ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਵੀ ਗ੍ਰਿਫ਼ਤਾਰੀ ਦੀ ਪੁਸ਼ਟੀ ਕੀਤੀ ਹੈ। ਰਾਜਜੀਤ ਸਿੰਘ ਲੰਬੇ ਸਮੇਂ ਤੋਂ ਡਰੱਗ ਤਸਕਰੀ, ਕਥਿਤ ਵਸੂਲੀ ਤੇ ਆਮਦਨ ਤੋਂ ਵੱਧ ਜਾਇਦਾਦ ਨਾਲ ਜੁੜੇ ਮਾਮਲਿਆਂ 'ਚ ਪੁਲਿਸ ਨੂੰ ਲੋੜੀਂਦੇ ਸਨ। ਉਹ ਅਪ੍ਰੈਲ 2023 ਤੋਂ ਫ਼ਰਾਰ ਚੱਲ ਰਹੇ ਸਨ। ਰਾਜਜੀਤ ਸਿੰਘ ਦਾ



ਨਾਮ ਬਰਖ਼ਾਸਤ ਇੰਸਪੈਕਟਰ ਇੰਦਰਜੀਤ ਸਿੰਘ ਨਾਲ ਜੁੜੇ ਕਥਿਤ ਡਰੱਗ ਤਸਕਰੀ ਤੇ ਵਸੂਲੀ ਮਾਮਲੇ 'ਚ ਸਾਹਮਣੇ ਆਇਆ ਸੀ। ਜਾਂਚ ਦੌਰਾਨ ਉਨ੍ਹਾਂ ਤੇ ਡਰੱਗ ਤਸਕਰਾਂ ਨੂੰ ਕਥਿਤ ਸੁਰੱਖਿਆ ਦੇਣ ਤੇ ਲੋਕਾਂ ਨੂੰ ਡਰੱਗ ਮਾਮਲਿਆਂ 'ਚ ਫਸਾਉਣ ਵਰਗੇ ਇਲਜ਼ਾਮ ਵੀ ਲੱਗੇ। ਇਹ ਦੋਸ਼ ਜਾਂਚ ਰਿਕਾਰਡ ਵਿੱਚ ਦਰਜ ਹਨ ਅਤੇ ਇਨ੍ਹਾਂ ਦੀ ਕਾਨੂੰਨੀ ਜਾਂਚ ਚੱਲ ਰਹੀ ਹੈ। ਇਸ ਮਾਮਲੇ 'ਚ 50 ਤੋਂ ਵੱਧ NDPS ਸੈਂਪਲ ਫੇਲ੍ਹ ਹੋਣ ਦਾ ਮੁੱਦਾ ਵੀ ਜਾਂਚ ਦੌਰਾਨ ਸਾਹਮਣੇ ਆਇਆ ਸੀ। ਰਾਜਜੀਤ ਸਿੰਘ ਤੇ ਇੰਸਪੈਕਟਰ ਇੰਦਰਜੀਤ ਸਿੰਘ ਨਾਲ ਜੁੜੇ ਮਾਮਲਿਆਂ ਦੀ ਜਾਂਚ ਲਈ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਐਸਆਈਟੀ ਵੀ ਬਣਾਈ ਗਈ ਸੀ। ਐਸਆਈਟੀ ਦੀਆਂ ਰਿਪੋਰਟਾਂ ਸਾਹਮਣੇ ਆਉਣ ਤੋਂ ਬਾਅਦ ਪੰਜਾਬ ਸਰਕਾਰ ਨੇ ਅਪ੍ਰੈਲ 2023 'ਚ ਰਾਜਜੀਤ ਸਿੰਘ (ਬਾਕੀ ਸਫ਼ਾ 2 'ਤੇ)

ਅਕਾਲੀ ਦਲ (ਪੁਨਰ ਸੁਰਜੀਤ) ਦੇ ਵਫਦ ਵੱਲੋਂ ਰਾਜਪਾਲ ਨਾਲ ਮੁਲਾਕਾਤ

ਅਮਰਜੀਤ ਚਾਵਲਾ ਵਿਰੁੱਧ ਦਰਜ ਕੇਸ ਦੀ ਜਾਂਚ ਲਈ ਐੱਸ ਆਈ ਟੀ ਗਠਿਤ ਕਰਨ ਦੀ ਮੰਗ



ਚੰਡੀਗੜ੍ਹ, 24 ਸਤੰਬਰ (ਪੈ.ਗਾਮ-ਏ-ਜਗਤ)

ਅਕਾਲੀ ਦਲ (ਪਨਰ ਸੁਰਜੀਤ) ਦੇ ਵਫ਼ਦ ਨੇ ਲੰਘੇ ਦਿਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਮੁਲਾਕਾਤ ਕਰਨ ਤੋਂ ਬਾਅਦ ਅੱਜ ਚੰਡੀਗੜ੍ਹ ਵਿਚ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਅਕਾਲੀ ਦਲ (ਪੁਨਰ ਸੁਰਜੀਤ) ਦੇ ਆਗੂਆਂ ਨੇ ਅਮਰਜੀਤ ਸਿੰਘ ਚਾਵਲਾ ਵਿਰੁੱਧ ਦਰਜ ਕੀਤੇ ਜਬਰ ਜਨਾਹ ਦੇ ਕੇਸ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਬਾਕੀ ਸਫ਼ਾ 2 'ਤੇ)

ਕੁਰੂਕਸ਼ੇਤਰ: ਯਾਤਰੀਆਂ ਨਾਲ ਭਰੀ ਟਰੈਕਟਰ-ਟਰਾਲੀ ਪਲਟੀ, ਹਾਦਸੇ 'ਚ 4 ਦੀ ਮੌਤ, 20 ਲੋਕ ਜ਼ਖ਼ਮੀ



ਕੁਰੂਕਸ਼ੇਤਰ: ਕਲਾਲ ਮਾਜਰਾ ਤੋਂ ਬਾਗੜ ਵੱਲ ਜਾ ਰਹੀ ਯਾਤਰੀਆਂ ਨਾਲ ਭਰੀ ਇੱਕ ਟਰੈਕਟਰ-ਟਰਾਲੀ ਘਰਾੜਸੀ ਪਿੰਡ ਨੇੜੇ ਬੇਕਾਬੂ ਹੋ ਕੇ ਪਲਟ ਗਈ। ਇਸ ਭਿਆਨਕ ਹਾਦਸੇ ਵਿੱਚ ਚਾਰ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਲਗਭਗ 20 ਲੋਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਪ੍ਰਤੱਖਦਰਸ਼ੀਆਂ ਮੁਤਾਬਕ ਟਰੈਕਟਰ-ਟਰਾਲੀ ਵਿੱਚ ਸਮਰੱਥਾ ਤੋਂ ਵੱਧ ਯਾਤਰੀ ਸਵਾਰ ਸਨ। ਘਰਾੜਸੀ ਪਿੰਡ ਨੇੜੇ ਪਹੁੰਚਦਿਆਂ ਹੀ ਅਚਾਨਕ ਟਰਾਲੀ ਪਲਟ ਗਈ, ਜਿਸ ਨਾਲ ਯਾਤਰੀਆਂ ਵਿੱਚ ਚੀਕ-ਚਿਹਾੜਾ ਪੈ ਗਿਆ। ਸੂਚਨਾ ਮਿਲਦਿਆਂ ਹੀ ਸਥਾਨਕ ਲੋਕ ਅਤੇ (ਬਾਕੀ ਸਫ਼ਾ 2 'ਤੇ)

ਗੈਂਗਸਟਰ ਮੈਨਪਾਲ ਨੂੰ ਮਿਲੀ ਵਿਆਹ ਲਈ 8 ਘੰਟੇ ਦੀ ਪੈਰੋਲ

ਝੱਜਰ : ਹਰਿਆਣਾ ਦੇ ਝੱਜਰ ਵਿੱਚ ਅੱਜ ਗੈਂਗਸਟਰ ਮੈਨਪਾਲ ਢਿੱਲਾ ਦਾ ਕੰਬੋਡੀਆ ਦੀ ਲੜਕੀ ਨਾਲ ਵਿਆਹ ਹੋਵੇਗਾ। ਵੀਰਵਾਰ ਸਵੇਰੇ ਦੁਲੀਨਾ ਜੇਲ੍ਹ ਤੋਂ ਕੜੀ ਸੁਰੱਖਿਆ ਵਿਚਕਾਰ ਮੈਨਪਾਲ ਨੂੰ ਫਾਰਮ ਹਾਊਸ ਲਿਆਂਦਾ ਗਿਆ। ਜਿੱਥੇ ਪਰਿਵਾਰ ਨੇ ਵਿਆਹ ਦੀਆਂ ਤਿਆਰੀਆਂ ਕਰ ਰੱਖੀਆਂ ਹਨ। ਸਮਾਰੋਹ ਵਿੱਚ ਲਗਭਗ 500 ਮਹਿਮਾਨਾਂ (ਬਾਕੀ ਸਫ਼ਾ 2 'ਤੇ)



ਸ਼੍ਰੋਮਣੀ ਅਕਾਲੀ ਦਲ ਨੇ ਜੋਧ ਸਿੰਘ ਸਮਰਾ ਨੂੰ ਅਜਨਾਲਾ ਤੋਂ ਉਮੀਦਵਾਰ ਐਲਾਨਿਆ

'ਪੰਜਾਬ ਬਚਾਓ ਰੈਲੀ' ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੀਤਾ ਐਲਾਨ



ਅਜਨਾਲਾ, 24 ਸਤੰਬਰ (ਪੈ.ਗਾਮ-ਏ-ਜਗਤ)

ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕਾ ਅਜਨਾਲਾ ਦੇ ਪਿੰਡ ਉਗਰ ਔਲਖ ਵਿਖੇ 'ਪੰਜਾਬ ਬਚਾਓ ਰੈਲੀ' ਕੀਤੀ ਗਈ। ਇਸ ਰੈਲੀ ਦੌਰਾਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਸ਼ੇਸ਼ ਤੌਰ 'ਤੇ ਪਹੁੰਚੇ।

ਇਸ ਰੈਲੀ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਸੰਬੋਧਨ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜੋਧ ਸਿੰਘ ਸਮਰਾ ਨੂੰ ਵਿਧਾਨ ਸਭਾ ਹਲਕਾ ਅਜਨਾਲਾ ਤੋਂ ਪਾਰਟੀ ਦਾ ਉਮੀਦਵਾਰ ਐਲਾਨਿਆ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਆਟਾ-ਦਾਲ ਸਕੀਮ ਨੂੰ ਮੁੜ ਮਜ਼ਬੂਤ ਕੀਤਾ ਜਾਵੇਗਾ ਅਤੇ 4 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ 50 ਕਿਲੋ ਅਨਾਜ ਦੇਣ ਦੀ ਗੱਲ ਕਹੀ। ਉਨ੍ਹਾਂ ਸ਼ਗਨ ਸਕੀਮ ਦੀ ਰਾਸ਼ੀ ਵਧਾ ਕੇ ਲੱਖ ਰੁਪਏ ਕਰਨ ਦਾ ਵੀ ਐਲਾਨ ਕੀਤਾ। ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਹਲਕੇ ਦੇ ਲੋਕਾਂ ਨੂੰ ਇੱਕਜੁੱਟ ਹੋ ਕੇ ਜੋਧ ਸਿੰਘ ਸਮਰਾ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਦੀ ਅਪੀਲ ਵੀ ਕੀਤੀ।

ਮਹਿਲਾ ਕਮਿਸ਼ਨ ਵੱਲੋਂ Virsa Singh Valtoha ਨੂੰ ਨੋਟਿਸ

ਚੰਡੀਗੜ੍ਹ : ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਜਬਰ ਜਨਾਹ ਪੀੜਤ ਔਰਤ ਬਾਰੇ ਕਥਿਤ ਤੌਰ 'ਤੇ ਇਤਰਾਜ਼ਯੋਗ ਟਿੱਪਣੀਆਂ ਕਰਨ ਅਤੇ ਉਸ ਦੀ ਪਛਾਣ ਉਜਾਗਰ ਕਰਨ ਦੇ ਮਾਮਲੇ ਦਾ ਗੰਭੀਰ ਨੋਟਿਸ ਲੈਂਦਿਆਂ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੂੰ ਨੋਟਿਸ ਜਾਰੀ ਕੀਤਾ ਹੈ। ਕਮਿਸ਼ਨ ਨੇ ਮੀਡੀਆ ਰਿਪੋਰਟਾਂ ਦਾ ਖ਼ੁਦ ਨੋਟਿਸ ਲੈਂਦਿਆਂ ਪੰਜਾਬ ਪੁਲੀਸ ਨੂੰ ਇਸ ਮਾਮਲੇ ਦੀ ਪੂਰੀ ਜਾਂਚ ਕਰਕੇ 26 ਸਤੰਬਰ ਤੱਕ ਆਪਣੀ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ। 'ਪੰਜਾਬ ਰਾਜ ਮਹਿਲਾ ਕਮਿਸ਼ਨ ਐਕਟ, 2001' ਦੀ ਧਾਰਾ 12 ਤੱਕ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਮਿਸ਼ਨ ਨੇ ਸਪੱਸ਼ਟ ਕੀਤਾ ਹੈ ਕਿ ਸੂਬੇ ਵਿੱਚ ਔਰਤਾਂ ਦੇ ਅਧਿਕਾਰਾਂ, ਮਾਣ-ਸਨਮਾਨ ਅਤੇ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਕਮਿਸ਼ਨ ਅਨੁਸਾਰ ਮੀਡੀਆ ਵਿੱਚ ਆਈਆਂ ਖ਼ਬਰਾਂ ਅਤੇ ਵੀਡੀਓਜ਼ ਵਿੱਚ ਵਿਰਸਾ ਸਿੰਘ ਵਲਟੋਹਾ ਵੱਲੋਂ ਪੀੜਤ ਔਰਤ ਖ਼ਿਲਾਫ਼ ਅਪਮਾਨਜਨਕ ਸ਼ਬਦਾਵਲੀ ਵਰਤਣ ਦੀ ਜਾਣਕਾਰੀ ਸਾਹਮਣੇ ਆਈ ਹੈ।

ਗਮਾਡਾ ਦਫ਼ਤਰ 'ਚ 2 ਦਿਨ ਛਾਪੇਮਾਰੀ ਤੋਂ ਬਾਅਦ 30 ਬੈਗ ਲੈ ਕੇ ਨਿਕਲੇ ਈਡੀ ਅਧਿਕਾਰੀ

ਮੋਹਾਲੀ, 24 ਸਤੰਬਰ (ਪੈ.ਗਾਮ-ਏ-ਜਗਤ)

ਗਮਾਡਾ ਦੇ ਦਫ਼ਤਰ ਵਿੱਚ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਚਲਾਈ ਗਈ 36 ਘੰਟਿਆਂ ਦੀ ਤਲਾਸ਼ੀ ਅਤੇ ਨਿਗਰਾਨੀ ਦੀ ਕਾਰਵਾਈ ਵੀਰਵਾਰ ਦੁਪਹਿਰ ਨੂੰ ਖ਼ਤਮ ਹੋ ਗਈ।ਆਮ ਆਦਮੀ ਪਾਰਟੀ (ਆਪ) ਦੇ ਵਰਕਰਾਂ ਦੇ ਰੋਸ਼ ਪ੍ਰਦਰਸ਼ਨ ਵਿਚਾਲੇ ਪੁਲਿਸ ਟੀਮ ਨੂੰ ਈਡੀ ਦੀਆਂ ਟੀਮਾਂ ਨੂੰ ਗਮਾਡਾ ਦਫ਼ਤਰ ਤੋਂ ਚੰਡੀਗੜ੍ਹ ਸਰਹੱਦ ਤੱਕ ਸੁਰੱਖਿਅਤ ਬਾਹਰ ਕੱਢਣਾ ਪਿਆ। ਮਿਲੀ ਜਾਣਕਾਰੀ ਅਨੁਸਾਰ ਈਡੀ ਦੀਆਂ ਟੀਮਾਂ ਜ਼ਬਤ ਕੀਤੇ ਦਸਤਾਵੇਜ਼ਾਂ ਦੇ 30 ਤੋਂ ਵੱਧ ਬੈਗਾਂ ਤੋਂ ਇਲਾਵਾ ਸਕੈਨ ਕੀਤੇ ਦਸਤਾਵੇਜ਼ਾਂ ਦੀਆਂ ਹਾਰਡ ਡਿਸਕਾਂ ਵੀ ਆਪਣੇ ਨਾਲ ਲੈ ਗਈਆਂ ਹਨ। ਜਾਣਕਾਰੀ ਮੁਤਾਬਿਕ ਕੇਂਦਰੀ ਏਜੰਸੀ ਨੇ ਅੱਗੇ ਦੀ ਕਾਰਵਾਈ ਕਰਨ ਲਈ ਕਾਫ਼ੀ ਮਹੱਤਵਪੂਰਨ ਸਮੱਗਰੀ ਇਕੱਠੀ ਕਰ ਲਈ ਹੈ। (ਬਾਕੀ ਸਫ਼ਾ 2 'ਤੇ)





ਹਰਜੋਤ ਬੈਂਸ ਦਾ ਭਾਜਪਾ 'ਤੇ ਤਿੱਖਾ ਹਮਲਾ

ਪੰਜਾਬ 'ਚ ਨਹੀਂ ਚੱਲੇਗਾ ਕੇਂਦਰੀ ਏਜੰਸੀਆਂ ਦਾ ਦਬਾਅ

ਚੰਡੀਗੜ੍ਹ। ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਇੱਕ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕੰਮਾਂ ਦਾ ਵਿਸਥਾਰਪੂਰਵਕ ਲੇਖਾ-ਜੋਖਾ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ ਸਾਢੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਸਰਕਾਰ ਨੇ ਆਮ ਲੋਕਾਂ ਦੀਆਂ ਉਮੀਦਾਂ ਮੁਤਾਬਕ ਫ਼ੈਸਲੇ ਲਏ ਹਨ ਅਤੇ ਚੋਣਾਂ ਦੌਰਾਨ ਪੰਜਾਬੀਆਂ ਨਾਲ ਕੀਤੀਆਂ ਸਾਰੀਆਂ ਗਰੰਟੀਆਂ ਨੂੰ ਪੂਰੀ (ਬਾਕੀ ਸਫ਼ਾ 2 'ਤੇ)

ਭਤੀਜੇ ਘਰ ਰੇਡ ਤੋਂ ਬਾਅਦ ਮੁੰਡੀਆਂ ਦਾ ਵੱਡਾ ਦਾਅਵਾ

"ਈਡੀ ਨੇ ਪਾਰਟੀ ਬਦਲਣ ਲਈ ਕਿਹਾ"

ਚੰਡੀਗੜ੍ਹ। ਭਤੀਜੇ ਗੁਰਪ੍ਰੀਤ ਸਿੰਘ ਪ੍ਰਿੰਸ ਦੇ ਘਰ 'ਤੇ ਹੋਈ ਇਨਫੋਰਸਮੈਂਟ ਡਾਇਰੈਕਟੋਰੇਟ ਦੀ ਰੇਡ ਤੋਂ ਬਾਅਦ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਮੀਡੀਆ ਸਾਹਮਣੇ ਆਏ। ਉਨ੍ਹਾਂ ਨੇ ਆਪਣੇ ਤੇ ਆਪਣੇ ਭਤੀਜੇ 'ਤੇ ਲੱਗ ਰਹੇ ਇਲਜ਼ਾਮਾਂ ਨੂੰ ਲੈ ਕੇ ਸਪੱਸ਼ਟੀਕਰਨ ਦਿੱਤਾ ਤੇ ਵਿਰੋਧੀਆਂ ਤੇ ਨਿਸ਼ਾਨਾ ਸਾਧਿਆ। ਮੁੰਡੀਆਂ ਨੇ ਗੰਭੀਰ ਇਲਜ਼ਾਮ ਲਗਾਉਂਦਿਆਂ ਦਾਅਵਾ ਕੀਤਾ ਕਿ ਰੇਡ ਕਰਨ ਵਾਲੇ ਅਧਿਕਾਰੀਆਂ ਵੱਲੋਂ ਉਨ੍ਹਾਂ ਦੇ ਭਤੀਜੇ ਦੇ ਪਰਿਵਾਰ ਨੂੰ ਕਿਹਾ ਗਿਆ ਕਿ ਹਰਦੀਪ ਸਿੰਘ ਮੁੰਡੀਆਂ ਨੂੰ ਕਹੋ ਕਿ ਪਾਰਟੀ ਬਦਲ ਲਵੇ। ਹਰਦੀਪ ਮੁੰਡੀਆਂ ਨੇ ਦਾਅਵਾ ਕੀਤਾ ਕਿ ਈਡੀ ਅਧਿਕਾਰੀਆਂ ਵੱਲੋਂ ਭਤੀਜੇ ਦੀ



ਮਾਤਾ ਨੂੰ ਕਿਹਾ ਗਿਆ ਕਿ ਉਹ ਆਪਣੇ ਬੇਟੇ ਨੂੰ ਸਮਝਾਉਣ ਕਿ ਉਹ ਮੰਤਰੀ ਦਾ ਸਾਥ ਛੱਡ ਦੇਵੇ, ਜਾਂ ਮੰਤਰੀ ਨੂੰ ਕਹੋ ਕਿ ਪਾਰਟੀ ਛੱਡ ਦੇਵੇ, ਕਿਉਂਕਿ ਇਹ ਪਾਰਟੀ ਗਲਤ ਹੈ। ਉਨ੍ਹਾਂ ਨੇ (ਬਾਕੀ ਸਫ਼ਾ 2 'ਤੇ)

ਯਮੁਨਾ ਐਕਸਪ੍ਰੈਸਵੇਅ 'ਤੇ ਚਲਦੀ ਸਲੀਪਰ ਬੱਸ ਬਣੀ ਅੱਗ ਦਾ ਗੋਲਾ

9 ਯਾਤਰੀਆਂ ਦੀ ਜ਼ਿੰਦਾ ਸੜ ਕੇ ਦਰਦਨਾਕ ਮੌਤ

ਨਵੀਂ ਦਿੱਲੀ, 24 ਸਤੰਬਰ (ਪੈ.ਗਾਮ-ਏ-ਜਗਤ)

ਦਿੱਲੀ-ਐਨਸੀਆਰ ਨੇੜੇ ਗ੍ਰੇਟਰ ਨੋਇਡਾ ਵਿੱਚ ਯਮੁਨਾ ਐਕਸਪ੍ਰੈਸਵੇਅ 'ਤੇ ਇੱਕ ਦਰਦਨਾਕ ਹਾਦਸਾ ਵਾਪਰਿਆ। ਨੋਇਡਾ ਤੋਂ ਮਹੋਬਾ ਜਾ ਰਹੀ ਇੱਕ ਨਿੱਜੀ ਡਬਲ-ਡੈਕਰ ਏਸੀ ਸਲੀਪਰ ਬੱਸ, ਜਿਸ ਵਿੱਚ ਲਗਭਗ 35 ਯਾਤਰੀ ਸਵਾਰ ਸਨ ਨੂੰ ਅਚਾਨਕ ਅੱਗ ਲੱਗ ਗਈ। ਇਸ ਭਿਆਨਕ ਘਟਨਾ ਵਿੱਚ ਨੌਂ ਯਾਤਰੀਆਂ ਦੀ ਮੌਤ ਹੋ ਗਈ, ਕੁਝ ਸੜ ਕੇ ਮਰ ਗਏ ਅਤੇ ਕੁਝ ਦੀ ਮੌਤ ਦਮ ਘੁਟਣ ਕਾਰਨ ਹੋਈ।



ਇਹ ਹਾਦਸਾ ਦਯਾਨਤਪੁਰ ਪਿੰਡ ਨੇੜੇ ਵਾਪਰਿਆ ਜਦੋਂ ਬੱਸ ਗ੍ਰੇਟਰ ਨੋਇਡਾ ਤੋਂ ਆਗਰਾ ਵੱਲ ਜਾ ਰਹੀ ਸੀ। ਚਸ਼ਮਦੀਦ ਗਵਾਹਾਂ ਅਨੁਸਾਰ, ਜਦੋਂ ਬੱਸ ਪਿੰਡ ਦੇ ਨੇੜੇ ਪਹੁੰਚੀ ਤਾਂ ਇਸ ਵਿੱਚੋਂ ਅਚਾਨਕ ਧੂੰਆਂ ਅਤੇ ਅੱਗ ਦੀਆਂ ਉੱਚੀਆਂ ਲਪਟਾਂ ਨਿਕਲਣ ਲੱਗੀਆਂ। ਬੱਸ ਨੂੰ ਅੱਗ ਲੱਗਣ ਦਾ ਪਤਾ ਲੱਗਦਿਆਂ ਹੀ ਡਰਾਈਵਰ ਨੇ ਇਸ ਨੂੰ ਐਕਸਪ੍ਰੈਸਵੇਅ ਦੇ ਕਿਨਾਰੇ ਰੋਕ ਲਿਆ। ਕੁਝ ਹੀ ਪਲਾਂ ਵਿੱਚ, ਪੂਰੀ ਬੱਸ ਅੱਗ ਦੇ ਗੋਲੇ ਵਿੱਚ ਤਬਦੀਲ ਹੋ ਗਈ। ਇਸ ਤੋਂ ਪਹਿਲਾਂ ਕਿ ਅੰਦਰ ਮੌਜੂਦ ਯਾਤਰੀ ਸਥਿਤੀ ਨੂੰ ਸਮਝ ਪਾਉਂਦੇ, ਬੱਸ ਸੰਘਣੇ ਕਾਲੇ ਧੂੰਏਂ ਨਾਲ ਭਰ ਗਈ ਅਤੇ ਹਫੜਾ-ਦਫੜੀ ਮੱਚ ਗਈ।

ਹਾਦਸੇ ਵਿੱਚੋਂ ਵਾਲ-ਵਾਲ ਬਚੀ ਇੱਕ ਮਹਿਲਾ ਯਾਤਰੀ ਨੇ ਇਸ ਭਿਆਨਕ ਦ੍ਰਿਸ਼ ਦਾ ਵਰਣਨ ਕਰਦਿਆਂ ਕਿਹਾ: 'ਮੈਂ ਸੁੱਤੀ ਹੋਈ ਸੀ ਜਦੋਂ ਕਿਸੇ ਨੇ ਦਰਵਾਜ਼ਾ ਖੜਕਾਇਆ। ਜਦੋਂ ਮੈਂ ਜਾਗੀ ਤਾਂ ਚਾਰੇ ਪਾਸੇ ਧੂੰਆਂ ਸੀ ਅਤੇ ਭਗਦੜ ਮੱਚੀ ਹੋਈ ਸੀ। ਮੈਂ ਆਪਣਾ ਕੋਈ ਸਮਾਨ ਜਾਂ ਜੁੱਤੀਆਂ ਵੀ ਨਹੀਂ ਚੁੱਕੀਆਂ; ਬਸ ਆਪਣੇ ਫੋਨ ਨੂੰ ਫੜਿਆ ਅਤੇ ਬਾਹਰ ਨਿਕਲਣ ਵਾਲੇ ਰਸਤੇ ਵੱਲ ਭੱਜੀ। ਅੰਦਰ ਧੂੰਆਂ ਇੰਨਾ ਸੰਘਣਾ ਸੀ ਕਿ ਕੁਝ ਵੀ ਦਿਖਾਈ ਨਹੀਂ ਦੇ ਰਿਹਾ ਸੀ; ਲੋਕ ਸਾਹ ਲੈਣ ਲਈ ਤੜਫ ਰਹੇ ਸਨ। ਬਹੁਤ ਸਾਰੇ ਲੋਕ ਪਿਛਲੇ ਹਿੱਸੇ ਵਿੱਚ ਫਸੇ ਰਹਿ ਗਏ ਅਤੇ ਬਾਹਰ ਨਹੀਂ ਨਿਕਲ ਸਕੇ।' ਹਾਦਸੇ ਦੀ ਖ਼ਬਰ (ਬਾਕੀ ਸਫ਼ਾ 2 'ਤੇ)

ਚੋਣ ਕਮਿਸ਼ਨ ਦੇ ਮੁਖੀ ਗਿਆਨੇਸ਼ ਕੁਮਾਰ 48 ਘੰਟਿਆਂ ਵਿੱਚ ਅਸਤੀਫ਼ਾ ਦੇਣ

- ਨਹੀਂ ਤਾਂ ਦੇਸ਼ ਭਰ ਵਿਚ ਅੰਦੋਲਨ ਕਰਾਂਗੇ: ਕੌਕਰੋਚ ਜਨਤਾ ਪਾਰਟੀ

ਨਵੀਂ ਦਿੱਲੀ - ਨਵੀਂ ਦਿੱਲੀ ਵਿੱਚ ਪ੍ਰੈਸ ਕਾਨਫਰੰਸ ਕਰ ਕੇ ਅੱਜ ਕੌਕਰੋਚ ਜਨਤਾ ਪਾਰਟੀ ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਦੇਸ਼ ਦੇ ਲੋਕਤੰਤਰ ਲਈ ਸਭ ਤੋਂ ਵੱਡਾ ਖਤਰਾ ਦੱਸਿਆ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਗਿਆਨੇਸ਼ ਕੁਮਾਰ ਨੂੰ ਤੁਰੰਤ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ ਅਤੇ ਜੇਕਰ ਉਹ 48 ਘੰਟਿਆਂ ਦੇ ਅੰਦਰ ਅਸਤੀਫ਼ਾ ਨਹੀਂ ਦਿੰਦੇ ਤਾਂ ਪਾਰਟੀ ਵੱਲੋਂ ਪੂਰੇ ਦੇਸ਼ ਵਿੱਚ ਵੱਡੇ ਪੱਧਰ 'ਤੇ ਅੰਦੋਲਨ ਸ਼ੁਰੂ ਕੀਤਾ ਜਾਵੇਗਾ। ਇਹ ਸਾਰਾ ਵਿਵਾਦ ਇੱਕ ਮੀਡੀਆ ਰਿਪੋਰਟ ਤੋਂ ਬਾਅਦ ਸਾਹਮਣੇ ਆਇਆ ਹੈ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਚੋਣ ਕਮਿਸ਼ਨਰ ਸੁਖਬੀਰ ਸਿੰਘ ਸੰਧੂ ਅਤੇ ਵਿਵੇਕ ਜੋਸ਼ੀ ਨੇ ਵੋਟਰ ਸੂਚੀਆਂ ਦੀ ਵਿਸ਼ੇਸ਼ ਮੁੜ ਸੁਧਾਈ 'ਤੇ ਸਵਾਲ ਉਠਾਏ ਸਨ ਪਰ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਅਣਸੁਣਿਆ ਕਰ ਦਿੱਤਾ ਗਿਆ ਸੀ। (ਬਾਕੀ ਸਫ਼ਾ 2 'ਤੇ)

ਨਸ਼ਿਆਂ ਨੇ ਪੰਜਾਬ ਦੇ ਘਰ-ਘਰ ਨੂੰ ਰੁਆ ਦਿੱਤਾ, 'ਆਪ' ਸਰਕਾਰ ਨੇ ਪੰਜਾਬ ਨੂੰ ਨਸ਼ਾ ਮਾਫ਼ੀਆ ਦੇ ਹਵਾਲੇ ਕੀਤਾ : ਤਰੁਣ ਚੁੱਘ

ਅੰਮ੍ਰਿਤਸਰ, 24 ਸਤੰਬਰ (ਪੈ.ਗਾਮ-ਏ-ਜਗਤ)

ਭਾਜਪਾ ਦੇ ਰਾਸ਼ਟਰੀ ਦਫਤਰ ਸਕੱਤਰ ਅਤੇ ਰਾਜ ਸਭਾ ਮੈਂਬਰ ਤਰੁਣ ਚੁੱਘ ਨੇ 'ਨਸ਼ਾ ਮੁਕਤ ਪੰਜਾਬ ਯਾਤਰਾ' ਦੌਰਾਨ ਅੰਮ੍ਰਿਤਸਰ ਵਿਖੇ ਪੰਜਾਬ ਵਿੱਚ ਨਸ਼ਿਆਂ ਦੀ ਸਥਿਤੀ ਅਤੇ ਕਾਨੂੰਨ-ਵਿਵਸਥਾ ਨੂੰ ਲੈ ਕੇ ਭਗਵੰਤ ਮਾਨ ਸਰਕਾਰ ਅਤੇ ਆਮ ਆਦਮੀ ਪਾਰਟੀ 'ਤੇ ਤਿੱਖਾ ਹਮਲਾ ਕੀਤਾ।ਸ੍ਰੀ ਚੁੱਘ ਨੇ ਸੈਂਟਰ ਵਿਧਾਨ ਸਭਾ ਹਲਕੇ ਦੇ ਲਾਹੌਰੀ ਗੇਟ ਵਿਖੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸਲਿਲ ਕਪੂਰ ਵਲੋਂ ਕਰਾਈ ਗਈ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਿਆਂ ਦੀ ਮਾਰ ਸਿਰਫ਼ ਅੰਕੜਿਆਂ ਦੀ ਕਹਾਣੀ ਨਹੀਂ, ਇਹ ਪੰਜਾਬ ਦੇ ਟੁੱਟਦੇ ਘਰਾਂ, ਰੋਂਦੀਆਂ ਮਾਵਾਂ ਅਤੇ ਆਪਣੇ ਭਰਾਵਾਂ ਨੂੰ ਲੱਭਦੀਆਂ ਭੈਣਾਂ ਦੀ ਦਰਦਨਾਕ ਕਹਾਣੀ ਹੈ।



ਉਨ੍ਹਾਂ ਕਿਹਾ ਕਿ ਜਿਹੜਾ ਪੰਜਾਬ ਕਦੇ ਫ਼ੌਜੀ ਜਵਾਨ ਅਤੇ ਕਬੱਡੀ ਦੇ ਖਿਡਾਰੀ ਪੈਦਾ ਕਰਨ ਲਈ ਜਾਣਿਆ ਜਾਂਦਾ ਸੀ, ਉਸ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਵਿੱਚ ਧੱਕਿਆ ਜਾਣਾ ਪੰਜਾਬ ਲਈ ਸਭ ਤੋਂ ਵੱਡਾ ਦੁੱਖ ਹੈ। ਗੁਲਜ਼ਾਰ ਸਿੰਘ ਨਾਲ ਸਬੰਧਤ ਘਟਨਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਵੱਲੋਂ ਲਗਾਏ ਗਏ ਦੋਸ਼ ਸਰਕਾਰ ਅਤੇ ਪ੍ਰਸ਼ਾਸਨ ਤੋਂ ਗੰਭੀਰ ਸਵਾਲ ਪੁੱਛਦੇ ਹਨ। ਉਨ੍ਹਾਂ ਕਿਹਾ ਕਿ ਨਸ਼ਾ ਮਾਫ਼ੀਆ ਖ਼ਿਲਾਫ਼ ਆਵਾਜ਼ ਉਠਾਉਣ ਵਾਲੇ ਵਿਅਕਤੀ ਨੂੰ ਇਨਸਾਫ਼ ਮਿਲਣ ਦੀ ਬਜਾਏ ਜੇਕਰ ਉਸ ਨੂੰ ਮੌਤ ਤੇ ਉਸ ਦੇ ਪਰਿਵਾਰ ਨੂੰ ਹੀ ਸੰਘਰਸ਼ ਕਰਨਾ ਪਵੇ ਤਾਂ ਇਹ ਸਰਕਾਰ ਦੀ ਜਵਾਬਦੇਹੀ ਦਾ ਮਾਮਲਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ ਵੱਲੋਂ ਨਸ਼ਾ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਦੌਰਾਨ ਇੱਕ ਭੈਣ ਆਪਣੇ ਮ੍ਰਿਤਕ ਭਰਾ ਦੀ ਤਸਵੀਰ ਲੈ ਕੇ ਆਈ, ਜਿਸ 'ਤੇ ਰੱਖੜੀ ਬੰਨੀ ਹੋਈ ਸੀ। ਉਸ ਭੈਣ ਦੇ ਇਹ ਸ਼ਬਦ ਕਿ "ਮੈਂ ਵੀਰ ਕਿੱਥੋਂ ਲਿਆਵਾਂ?, ਪੰਜਾਬ ਦੇ ਨਸ਼ਾ ਸੰਕਟ ਦੀ ਪੂਰੀ ਤਸਵੀਰ ਬਿਆਨ ਕਰਦੇ ਹਨ। ਉਨ੍ਹਾਂ ਕਿਹਾ ਕਿ ਇੱਕ ਮਾਂ ਨੇ ਚਾਰ ਬੱਚਿਆਂ ਨੂੰ ਜਨਮ ਦਿੱਤਾ, ਸੁਪਨੇ ਵੇਖੇ ਕਿ ਕੋਈ ਡਾਕਟਰ ਬਣੇਗਾ, ਕੋਈ ਇੰਜੀਨੀਅਰ ਜਾਂ ਕਾਰੋਬਾਰੀ ਬਣੇਗਾ, ਪਰ ਨਸ਼ੇ ਨੇ ਉਸ ਦੇ ਚਾਰੇ ਬੱਚੇ ਖੋਹ ਲਏ।

ਇਹ ਕਿਸੇ ਇੱਕ ਪਰਿਵਾਰ ਦਾ ਦੁੱਖ ਨਹੀਂ, ਪੰਜਾਬ ਦੇ ਅਨੇਕਾਂ ਘਰਾਂ ਦੀ ਤ੍ਰਾਸਦੀ ਹੈ। ਚੁੱਘ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਪੰਜਾਬ ਦੇ ਲੋਕਾਂ ਨੂੰ ਭਾਸ਼ਣ ਨਹੀਂ, ਜਵਾਬ ਦੇਣ। ਨਸ਼ਾ ਮੁਕਤ ਪੰਜਾਬ ਦੇ ਵਾਅਦਿਆਂ ਤੋਂ ਬਾਅਦ ਵੀ ਜੇਕਰ ਪਰਿਵਾਰ ਆਪਣੇ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਦਰ-ਦਰ ਭਟਕ ਰਹੇ ਹਨ ਤਾਂ ਸਰਕਾਰ ਨੂੰ ਆਪਣੀ ਕਾਰਗੁਜ਼ਾਰੀ ਬਾਰੇ ਜਨਤਾ ਸਾਹਮਣੇ ਸਪਸ਼ਟ ਜਵਾਬ ਦੇਣਾ ਚਾਹੀਦਾ ਹੈ। ਕਾਨੂੰਨ-ਵਿਵਸਥਾ 'ਤੇ ਉਨ੍ਹਾਂ ਕਿਹਾ ਕਿ ਪੁਲਿਸ ਥਾਣਿਆਂ 'ਤੇ ਹਮਲੇ, ਪੁਲਿਸ ਕਰਮਚਾਰੀਆਂ ਦੀ ਸੁਰੱਖਿਆ ਬਾਰੇ ਚਿੰਤਾਵਾਂ ਅਤੇ ਵਪਾਰੀਆਂ, ਡਾਕਟਰਾਂ, ਕਿਸਾਨਾਂ ਤੇ ਹੋਰ ਲੋਕਾਂ ਨੂੰ ਕਥਿਤ ਫਿਰੌਤੀ ਵਾਲੀਆਂ ਕਾਲਾਂ ਪੰਜਾਬ ਵਿੱਚ ਡਰ ਦੇ ਮਾਹੌਲ ਵੱਲ ਇਸ਼ਾਰਾ ਕਰਦੀਆਂ ਹਨ। ਜੇਕਰ ਲੋਕਾਂ ਨੂੰ ਆਪਣੀ ਮਿਹਨਤ ਦੀ ਕਮਾਈ ਅਤੇ ਆਪਣੇ ਪਰਿਵਾਰ ਦੀ ਸੁਰੱਖਿਆ ਲਈ ਡਰਨਾ ਪਵੇ ਤਾਂ ਸਰਕਾਰ ਦੀ ਕਾਨੂੰਨ-ਵਿਵਸਥਾ 'ਤੇ ਸਵਾਲ ਉੱਠਣਾ ਸੁਭਾਵਿਕ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਨੂੰ 'ਉਡਦਾ ਪੰਜਾਬ' ਨਹੀਂ, 'ਉੱਭਰਦਾ ਪੰਜਾਬ' ਬਣਾਉਣਾ ਭਾਜਪਾ ਦਾ ਸੰਕਲਪ ਹੈ। ਇਸ ਲਈ ਨਸ਼ਾ ਤਸਕਰੀ ਦੇ ਨੈੱਟਵਰਕ ਅਤੇ ਸਪਲਾਈ ਚੇਨ 'ਤੇ ਕਾਰਵਾਈ, ਨਸ਼ਾ ਪੀੜਤ ਨੌਜਵਾਨਾਂ ਦਾ ਇਲਾਜ ਤੇ ਪੁਨਰਵਾਸ, ਡਰੱਗ ਮਨੀ ਅਤੇ (ਬਾਕੀ ਸਫ਼ਾ 2 'ਤੇ)



HBCH&RC ਪੰਜਾਬ ਵੱਲੋਂ ਸਿਹਤ ਬੀਮੇ ਰਾਹੀਂ ਕੈਸ਼ਲੈੱਸ ਕੈਂਸਰ ਦਾ ਇਲਾਜ ਸ਼ੁਰੂ

ਨਵਾਂ ਚੰਡੀਗੜ੍ਹ/ਸੰਗਰੂਰ, ਸਤੰਬਰ 22 (ਪੈ.ਗਾਮ-ਏ-ਜਗਤ)
ਕੈਂਸਰ ਦੇ ਇਲਾਜ ਨੂੰ ਵਧੇਰੇ ਪਹੁੰਚਯੋਗ ਅਤੇ ਪਰੇਸ਼ਾਨੀ-ਮੁਕਤ ਬਣਾਉਣ ਲਈ ਇੱਕ ਵੱਡੀ ਮਰੀਜ਼-ਕੇਂਦ੍ਰਤ ਪਹਿਲਕਦਮੀ ਦੇ ਤਹਿਤ, ਹੋਮੀ ਭਾਬਾ ਕੈਂਸਰ ਹਸਪਤਾਲ ਅਤੇ ਰਿਸਰਚ ਸੈਂਟਰ, ਪੰਜਾਬ — ਜੋ ਕਿ ਭਾਰਤ ਸਰਕਾਰ ਦੇ ਪਰਮਾਣੂ ਊਰਜਾ ਵਿਭਾਗ ਦੇ ਤਹਿਤ ਟਾਟਾ ਮੈਮੋਰੀਅਲ ਸੈਂਟਰ ਦੀ ਇੱਕ ਇਕਾਈ ਹੈ, ਨੇ ਆਪਣੇ ਨਵਾਂ ਚੰਡੀਗੜ੍ਹ ਅਤੇ ਸੰਗਰੂਰ ਦੋਵਾਂ ਕੈਂਪਸਾਂ ਵਿੱਚ ਸਰਕਾਰੀ ਅਤੇ ਨਿੱਜੀ ਤੀਜੀ-ਧਿਰ ਦੀਆਂ ਸਿਹਤ ਬੀਮਾ ਕੰਪਨੀਆਂ ਰਾਹੀਂ ਕੈਸ਼ਲੈੱਸ ਇਲਾਜ ਸ਼ੁਰੂ ਕਰ ਦਿੱਤਾ ਹੈ।

ਹੁਣ ਤੱਕ, HBCH&RC ਵਿਖੇ ਕੈਸ਼ਲੈੱਸ ਇਲਾਜ ਮੁੱਖ ਤੌਰ 'ਤੇ 15 ਸਰਕਾਰੀ ਸਿਹਤ ਸੰਭਾਲ ਯੋਜਨਾਵਾਂ ਦੇ ਲਾਭਪਾਤਰੀਆਂ ਲਈ ਉਪਲਬਧ ਸੀ, ਜਿਸ ਵਿੱਚ ਆਯੂਸ਼ਮਾਨ ਭਾਰਤ ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ, ਕਰਮਚਾਰੀ ਰਾਜ ਬੀਮਾ ਨਿਗਮ, ਸਾਬਕਾ ਸੈਨਿਕ ਗਾਹਕ ਸਿਹਤ ਯੋਜਨਾਵਾਂ ਅਤੇ ਹੋਰ ਲਾਗੂ ਯੋਜਨਾਵਾਂ ਸ਼ਾਮਲ ਹਨ। ਵਿੱਤੀ ਸਾਲ 2025-26 ਵਿੱਚ, ਨਵਾਂ ਚੰਡੀਗੜ੍ਹ ਅਤੇ ਸੰਗਰੂਰ ਕੈਂਪਸਾਂ ਵਿੱਚ ਲਗਭਗ 10,000 ਲਾਭਪਾਤਰੀਆਂ ਨੇ ਸਰਕਾਰੀ ਸਿਹਤ ਸੰਭਾਲ ਯੋਜਨਾਵਾਂ ਰਾਹੀਂ ਕੈਸ਼ਲੈੱਸ ਇਲਾਜ ਪ੍ਰਾਪਤ ਕੀਤਾ।

• ਵਿੱਤੀ ਸਾਲ 2025-26 ਵਿੱਚ, ਲਗਭਗ 10,000 ਲਾਭਪਾਤਰੀਆਂ ਨੇ ਸਰਕਾਰੀ ਸਿਹਤ ਸੰਭਾਲ ਯੋਜਨਾਵਾਂ ਰਾਹੀਂ ਕੈਸ਼ਲੈੱਸ ਇਲਾਜ ਪ੍ਰਾਪਤ ਕੀਤਾ: ਡਾ. ਆਸ਼ੀਸ਼ ਗੁਲੀਆ



HBCH&RC ਪੰਜਾਬ ਦੇ ਡਾਇਰੈਕਟਰ, ਡਾ. ਆਸ਼ੀਸ਼ ਗੁਲੀਆ ਨੇ ਕਿਹਾ, "ਨਵੀਂ ਸਹੂਲਤ ਦੇ ਨਾਲ, ਨਿੱਜੀ ਸਿਹਤ ਬੀਮਾ ਪਾਲਿਸੀਆਂ ਦੇ ਅਧੀਨ ਆਉਣ ਵਾਲੇ ਮਰੀਜ਼ ਵੀ ਆਪਣੀਆਂ ਸਬੰਧਤ ਪਾਲਿਸੀਆਂ ਦੀਆਂ ਸ਼ਰਤਾਂ ਦੇ ਅਧੀਨ, ਪੈਨਲ ਵਿੱਚ ਸ਼ਾਮਲ ਬੀਮਾ ਪ੍ਰਦਾਤਾਵਾਂ ਰਾਹੀਂ ਕੈਸ਼ਲੈੱਸ ਕੈਂਸਰ ਇਲਾਜ ਅਤੇ ਸਬੰਧਤ ਡਾਇਗਨੌਸਟਿਕ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ। ਲੋੜੀਂਦੀ ਬੀਮਾ ਮਨਜ਼ੂਰੀ ਤੋਂ ਬਾਅਦ, ਸਵੀਕਾਰਯੋਗ ਹਸਪਤਾਲ ਦੇ ਬਿੱਲਾਂ ਦਾ ਨਿਪਟਾਰਾ ਹੁਣ ਸਿੱਧੇ ਬੀਮਾ ਪ੍ਰਦਾਤਾ ਵੱਲੋਂ ਕੀਤਾ ਜਾਵੇਗਾ। ਪਹਿਲਾਂ, ਮਰੀਜ਼ਾਂ ਨੂੰ ਰੀਇੰਬਰਸਮੈਂਟ (ਵਾਪਸੀ) ਪ੍ਰਾਪਤ ਕਰਨ ਲਈ ਬੀਮਾ ਕੰਪਨੀਆਂ ਨੂੰ ਦਸਤਾਵੇਜ਼ ਅਤੇ ਬਿੱਲ ਦੇਣੇ ਪੈਂਦੇ ਸਨ, ਜਿਸ ਨਾਲ ਇਹ ਇੱਕ ਸਮਾਂ ਖਪਾਉਣ ਵਾਲੀ ਪ੍ਰਕਿਰਿਆ ਬਣ ਜਾਂਦੀ ਸੀ।

ਡਾ. ਗੁਲੀਆ ਨੇ ਅੱਗੇ ਕਿਹਾ ਕਿ ਸੰਗਰੂਰ ਸਿਹਤ ਬੀਮਾ ਰਾਹੀਂ ਇਹ ਸਹੂਲਤ ਪ੍ਰਦਾਨ ਕਰਨ ਵਾਲਾ ਪੇਂਡੂ ਪੰਜਾਬ ਦਾ ਪਹਿਲਾ ਜਨਤਕ ਖੇਤਰ ਦਾ ਹਸਪਤਾਲ ਬਣ ਗਿਆ ਹੈ।

ਡਾ. ਗੁਲੀਆ ਨੇ ਅੱਗੇ ਕਿਹਾ, "ਕੈਸ਼ਲੈੱਸ ਬੀਮਾ ਸੇਵਾਵਾਂ, ਸਾਡੀਆਂ ਡਿਜੀਟਲ ਭੁਗਤਾਨ ਪਹਿਲਕਦਮੀਆਂ ਦੇ ਨਾਲ, ਮਰੀਜ਼ਾਂ ਅਤੇ ਉਨ੍ਹਾਂ ਦੇ ਨਾਲ ਆਉਣ ਵਾਲੇ ਲੋਕਾਂ ਲਈ ਉਡੀਕ ਅਤੇ ਵਿੱਤੀ ਅਸੁਵਿਧਾ ਨੂੰ ਘਟਾਉਣ ਲਈ ਤਿਆਰ ਕੀਤੀਆਂ ਗਈਆਂ ਹਨ। HBCH&RC ਪੰਜਾਬ ਨੇ ਇੱਕ QR ਕੋਡ-ਆਧਾਰਿਤ ਸਮਾਰਟ ਕਾਰਡ ਟਾਪ-ਅੱਪ ਸਹੂਲਤ ਵੀ ਸ਼ੁਰੂ ਕੀਤੀ ਹੈ, ਜਿਸ ਨਾਲ ਮਰੀਜ਼ਾਂ ਨੂੰ ਆਪਣੇ ਸਮਾਰਟ ਕਾਰਡ 'ਤੇ QR ਕੋਡ ਨੂੰ ਸਕੈਨ ਕਰਨ, ਲੋੜੀਂਦੀ ਰਕਮ ਦਰਜ ਕਰਨ ਅਤੇ UPI ਰਾਹੀਂ ਭੁਗਤਾਨ ਕਰਨ ਦੀ ਸਹੂਲਤ ਮਿਲਦੀ ਹੈ, ਜਿਸ ਨਾਲ ਕਾਰਡ ਰੀਚਾਰਜ ਕਰਨ ਲਈ ਕਤਾਰਾਂ ਵਿੱਚ ਖੜ੍ਹੇ ਹੋਣ ਦੀ ਲੋੜ ਖਤਮ ਹੋ ਜਾਂਦੀ ਹੈ।

ਡਾ. ਗੁਲੀਆ ਨੇ ਅੱਗੇ ਕਿਹਾ, 'ਇੱਕ ਹੋਰ ਪਹਿਲਕਦਮੀ ਤਹਿਤ, ਹਸਪਤਾਲ ਨੇ ਆਪਣਾ ਪਹਿਲਾ ਸਮਰਪਿਤ ਡਾਇਰੈਕਟ ਡੋਨੇਸ਼ਨ ਲਿੰਕ (ਸਿੱਧਾ ਦਾਨ ਲਿੰਕ) ਅਤੇ QR ਕੋਡ ਲਾਂਚ ਕੀਤਾ ਹੈ, ਜੋ ਦਾਨੀਆਂ ਨੂੰ ਕੈਂਸਰ ਦੀ ਦੇਖਭਾਲ ਅਤੇ ਮਰੀਜ਼ਾਂ ਦੀਆਂ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਕਿਤੋਂ ਵੀ ਆਸਾਨੀ ਨਾਲ ਯੋਗਦਾਨ ਪਾਉਣ ਦੇ ਯੋਗ ਬਣਾਉਂਦਾ ਹੈ।

ਦਾਨੀਆਂ ਨੂੰ ਪ੍ਰਚਲਿਤ ਨਿਯਮਾਂ ਅਨੁਸਾਰ ਲਾਗੂ ਹੋਣ ਵਾਲੀ ਇਨਕਮ-ਟੈਕਸ ਛੋਟ ਦਾ ਦਾਵਾ ਕਰਨ ਲਈ ਦਾਨ ਰਸੀਦਾਂ ਵੀ ਪ੍ਰਾਪਤ ਹੋਣਗੀਆਂ।' ਸਿੱਧਾ ਦਾਨ ਲਿੰਕ ਇਹ ਹੈ: https://tmcpunjab.epay.org.in/

ਬਾਬਾ ਫਰੀਦ ਆਗਮਨ ਪੁਰਬ ਨੂੰ ਸਮਰਪਿਤ ਵਿਸ਼ਾਲ ਖੂਨਦਾਨ ਕੈਂਪ ਦੌਰਾਨ 615 ਬਲੱਡ ਯੂਨਿਟ ਇਕੱਤਰ : ਗੁਰਜੀਤ ਹੈਰੀ ਢਿੱਲੋਂ

ਪੈ.ਗਾਮ-ਏ-ਜਗਤ
ਫ਼ਰੀਦਕੋਟ (ਸ਼ਿਵਨਾਥ)
ਮਹਾਨ ਸੂਫ਼ੀ ਸੰਤ ਬਾਬਾ ਫਰੀਦ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਸ. ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈਲਫੇਅਰ ਸੁਸਾਇਟੀ (ਰਜਿ) ਫ਼ਰੀਦਕੋਟ ਵੱਲੋਂ ਸ਼ੇਖ ਫਰੀਦ ਵੋਕੇਸ਼ਨਲ ਸੈਂਟਰ ਅਤੇ ਵੇਰਕਾ ਕੋਟਕਪੂਰਾ ਰੋਡ ਫ਼ਰੀਦਕੋਟ ਸਥਿਤ ਵਿਸ਼ਾਲ ਖ਼ੂਨਦਾਨ ਕੈਂਪਾਂ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਨੂੰ ਕੈਨੇਰਾ ਬੈਂਕ, ਰੋਟਰੀ ਕਲੱਬ, ਰੈੱਡ ਕ੍ਰਾਸ ਫ਼ਰੀਦਕੋਟ, ਖੁਰਮੀ ਜਵੈੱਲਰ,ਮਾਸੂਮ ਪ੍ਰਵਾਜ, ਸੀਰ ਸੋਸਾਇਟੀ, ਜਲ ਜੀਵਨ ਬਚਾਓ ਮੋਰਚਾ,ਗਿਆਨ ਹੌਂਡਾ ਜ਼ਿਮੀਦਾਰ ਟਰੈਕਟਰਜ਼ ਸੋਨਾਲੀਕਾ, ਵਿਵੇਕ ਆਸ਼ਰਮ ਜੈਤੋ, ਅਨੰਤ ਕੁਟੀਆ ਅਤੇ ਕਿਸਾਨ ਜਥੇਬੰਦੀਆਂ ਆਦਿ ਦੇ ਸਹਿਯੋਗ ਨਾਲ ਲਗਾਏ ਗਏ ।

ਕੈਂਪ ਦੌਰਾਨ ਵਿਸੇਸ਼ ਤੌਰ ਸ੍ ਗੁਰਮੀਤ ਸਿੰਘ ਖੁੱਡੀਆਂ ਜੀ ਕੈਬਨਿਟ ਮੰਤਰੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਉਪਰਾਲੇ ਮਨੁੱਖਤਾ ਦੀ ਸੇਵਾ ਦੇ ਉੱਚੇ ਮਾਪਦੰਡ ਸਥਾਪਿਤ ਕਰਦੇ ਹਨ।

ਸ੍. ਖੁੱਡੀਆਂ ਜੀ ਨੇ ਕਿਹਾ, "ਖ਼ੂਨਦਾਨ ਸਭ ਤੋਂ ਉੱਤਮ ਦਾਨ ਹੈ। ਇੱਕ ਬੂੰਦ ਖੂਨ ਕਿਸੇ ਮਰੀਜ਼ ਲਈ ਨਵੀਂ ਜ਼ਿੰਦਗੀ ਦਾ ਸੰਦੇਸ਼ ਲਿਆਉਂਦੀ ਹੈ। ਖ਼ੂਨਦਾਨ ਕਰਨਾ ਨਾ ਸਿਰਫ਼ ਲੋੜਵੰਦ ਦੀ ਜਾਨ ਬਚਾਉਂਦਾ ਹੈ, ਸਗੋਂ ਦਾਨੀ ਦੇ ਆਪਣੇ ਸਰੀਰ ਲਈ ਵੀ ਲਾਭਕਾਰੀ ਹੁੰਦਾ ਹੈ।

ਇਸ ਮੌਕੇ ਸੂਬਾ ਪ੍ਰਧਾਨ ਗੁਰਜੀਤ ਸਿੰਘ ਹੈਰੀ ਢਿੱਲੋਂ ਨੇ ਦੱਸਿਆ ਕਿ ਆਉਣ ਵਾਲੇ ਸਮੇ 'ਚ ਓਨਾਂ ਸਮਾਜ ਲਈ ਹੋਰ ਵੀ ਵਧੀਆ ਯੋਜਨਾਵਾਂ ਹਨ ਤੇ ਆਏ ਹੋਏ ਸਾਰੇ ਮਹਿਮਾਨਾਂ, ਡੋਨਰਜ਼, ਸਹਿਯੋਗੀਆਂ, ਪ੍ਰੈਸ ਤੇ ਟੀਮ ਮੈਬਰਾਨ ਦਾ ਉਹਨਾਂ ਦੱਸਿਆ ਕੇ ਏਨਾ ਬਲੱਡ ਕੈਂਪਾ ਵਿੱਚ ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ, ਸਾਬਕਾ ਹਲਕਾ ਵਿਧਾਇਕ ਕੁਸ਼ਲਦੀਪ ਢਿੱਲੋਂ, ਐਮ. ਪੀ ਸਰਦਾਰ ਸਰਬਜੀਤ ਸਿੰਘ ਖ਼ਾਲਸਾ ਦੇ ਪੀ ਏ ਦਲੇਰ ਸਿੰਘ ਡੋਡ , ਕਿਸਾਨ ਨੇਤਾ ਜਗਜੀਤ ਸਿੰਘ ਡੱਲੇਵਾਲ, ਗਗਨਦੀਪ ਸਿੰਘ ਧਾਲੀਵਾਲ, ਗੁਰਤੇਜ ਖੋਸਾ, ਨਵਦੀਪ ਬੱਬੂ ਬਰਾੜ,ਮੁੱਖ ਸੇਵਾਦਾਰ ਕੈਪਟਨ ਧਰਮ ਸਿੰਘ ਗਿੱਲ ਗੁਰਦੁਆਰਾ ਲੰਗਰ ਮਾਤਾ ਖੀਵੀ ਜੀ, ਹਰਵਿੰਦਰ ਸਿੰਘ ਖਾਲਸਾ, ਪ੍ਰਤਾਪ ਸਿੰਘ ਨੰਗਲ, ਗੁਰਬਿੰਦਰ ਸਿੱਖਾਂਵਾਲਾ, ਗੁਰਮੇਲ ਸਿੰਘ, ਇਕਬਾਲ ਸਿੰਘ, ਜਸਵੀਰ ਸਿੰਘ ਵੜਿੰਗ, ਅਮਜ਼ਦ ਖਾਨ, ਸੰਨੀ, ਵੰਸ਼, ਅਮਨ, ਮੋਨੂੰ,ਐਵੋਨ, ਸੀਪਾ ਸਰਾਂ, ਗੁਰਸੇਵਕ ਸਿੰਘ ਮਾਨੀਵਾਲਾ, ਗੁਰਸੇਵਕ ਸਿੰਘ ਭਾਣਾ ਟੀਮ, ਦਿਲਾਵਰ ਹੁਸੈਨ, ਅਲੇਕ?ਸ ਦੱਸੂਜਾ, ਪ੍ਰਦੀਪ ਕੁਮਾਰ, ਜਗਦੇਵ ਸਿੰਘ ਫੌਜੀ ਅਤੇ ਟੀਮ ਬਿਜਲੀ ਬੋਰਡ, ਬਾਬਾ ਜੀ ਪੰਜਗਰਾਈਂ, ਮਨਪ੍ਰੀਤ ਸਿੰਘ ਤੇ ਟੀਮ, ਪ੍ਰੋ ਨਿਰਮਲ ਕੌਸ਼ਿਕ, ਪੱਤਰਕਾਰ ਮਹਿੰਦੀਰੱਤਾ ਜੀ, ਤਰਸੇਮ ਸਿੰਘ,ਡਾ. ਰਸ਼ਪਾਲ ਸਿੰਘ ਸੰਧੂ ਪ੍ਰਧਾਨ, ਗੁਰਪ੍ਰੀਤ ਮੌੜ, ਸੰਦੀਪ ਧਨੋਲਾ, ਮੰਜੂ ਸੁਖੀਜਾ ਮੈਡਮ,ਹਰਮਨ ਹੱਲਣ, ਮੈਦਾਨ ਫਰੀਦਕੋਟ, ਮੋਰ ਫਰੀਦਕੋਟ, ਮਾਰਸ਼ਲ, ਗੁਰਪ੍ਰੀਤ ਕੋਟਕਰੋਡ, ਗਗਨਦੀਪ ਸਿੰਘ, ਮਨਜਿੰਦਰ ਕੌਰ ਤੇ ਟੀਮ ਆਸ਼ੂ, ਪੱਤਰਕਾਰ ਤੇ ਸਮਾਜਸੇਵੀ ਸ਼ਿਵਨਾਥ ਦਰਦੀ ਤੇ ਸਾਰੇ ਸੇਵਾਦਾਰ, ਰੋਟਰੀ ਕਲੱਬ, ਦਵਿੰਦਰ ਸਿੰਘ ਪੰਜਾਬ ਮੋਟਰਜ਼,ਰਾਜਿੰਦਰ ਦਾਸ ਰਿੰਕੂ, ਗੋਰਾ, ਕਾਕਾ ਸਿੰਘ,ਡਾ. ਜਗੀਰ ਸਿੰਘ, ਡੀ ਐੱਸ ਪੀ ਤਰਲੋਚਨ ਸਿੰਘ, ਅਮਨਦੀਪ ਬਾਬਾ, ਅਮਨ ਵੜਿੰਗ, ਬੰਟੀ ਰੋਮਾਣਾ, ਗੌਰਵ ਕੱਕੜ, ਗਰੀਬ ਦਾਸ ਜੀ,ਡੀ. ਐਮ. ਸੀ ਡਾ. ਵਿਸ਼ਵਦੀਪ ਗੋਇਲ ਬਿੱਟੂ ਬਾਈ ਜੀ , ਸੁਰਜੀਤ ਸਿੰਘ,ਸੰਨੀ ਬਾਵਾ ਜੀ, ਪ੍ਰੋ. ਨਿਤਨੇਮ ਸਿੰਘ ਜੀ, ਰੁਪਿੰਦਰਜੀਤ ਗੋਲਡੀ ਮਿਸਲ ਸਤਲੁਜ, ਲੋਕ ਗਾਇਕ ਰਾਜ ਗਿੱਲ ਭਾਣਾ, ਲੋਕ ਗਾਇਕ ਕੀਰਤ ਮਾਨ, ਗੁਰਪਿਆਰ, ਵਿੱਕੀ,ਸ਼ਰਨਜੀਤ ਸਿੰਘ ਸਰਾਂ, ਕੇ.ਪੀ. ਸਿੰਘ, ਸਰਾਂ, ਰਵਿੰਦਰ ਸਿੰਘ, ਗੁਰਵਿੰਦਰ ਸਿੰਘ, ਰਾਜਨ ਦੂਆ, ਸੁਖਵਿੰਦਰ ਸਿੰਘ, ਰਾਜਵਿੰਦਰ ਸਿੰਘ, ਧਰਮਪਾਲ, ਦਵਿੰਦਰ ਸਿੰਘ ,ਮਿੰਟੂ ਦੀਪ ਸਿੰਘ ਵਾਲਾ, ਜਸਵੀਰ ਸਿੰਘ,ਸੰਨੀ, ਦਵਿੰਦਰਜੀਤ ਸਿੰਘ, ਇਕਬਾਲ ਸਿੰਘ, ਹਰਜੀਤ ਸਿੰਘ, ਅਮਰ ਸਿੰਘ, ਕੁਲਵੰਤ ਸਿੰਘ,ਪ੍ਰੋ ਬੀਰਇੰਦਰ ਸਿੰਘ ਸਰਾਂ, ਸਵਰਨ ਸਿੰਘ ਬਾਠ ,ਸ਼ੰਕਰ ਸ਼ਰਮਾ, ਕੇਵਲ ਕਟਾਰੀਆ, ਕੇਵਲ ਗਿੱਲ,ਅਤੇ ਤਰਸੇਮ ਸਿੰਘ ਆਦਿ ਸਖਸ਼ੀਅਤਾਂ ਸਮੇਤ ਵੱਡੀ ਗਿਣਤੀ ਵਿੱਚ ਖ਼ੂਨਦਾਨੀ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।



ਕੈਰੀਅਰ ਅਤੇ ਪਲੇਸਮੈਂਟ ਸੈੱਲ ਵੱਲੋਂ ਕਰੀਅਰ ਕਾਊਂਸਲਿੰਗ ਸੈਮੀਨਾਰ ਦਾ ਆਯੋਜਨ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 24 ਸਤੰਬਰ (ਪੈ.ਗਾਮ-ਏ-ਜਗਤ)
ਸਰਕਾਰੀ ਕਾਲਜ, ਐਸ.ਏ.ਐਸ. ਨਗਰ ਦੇ ਕਰੀਅਰ ਅਤੇ ਪਲੇਸਮੈਂਟ ਸੈੱਲ ਵੱਲੋਂ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਐਸ.ਏ.ਐਸ. ਨਗਰ ਦੇ ਸਹਿਯੋਗ ਨਾਲ ਕਲੁ ਕਾਲਜ ਦੇ ਸੈਮੀਨਾਰ ਰੂਮ ਵਿੱਚ ਕਰੀਅਰ ਕਾਊਂਸਲਿੰਗ ਸੈਮੀਨਾਰ ਕਰਵਾਇਆ ਗਿਆ। ਇਹ ਸੈਮੀਨਾਰ ਕਾਲਜ ਦੀ ਪ੍ਰਿੰਸੀਪਲ ਸ੍ਰੀਮਤੀ ਜਸਪ੍ਰੀਤ ਕੌਰ ਬੈਂਸ ਦੀ ਅਗਵਾਈ ਅਤੇ ਸ੍ਰੀਮਤੀ ਅਨੂਰੀਤ ਭੱਲਾ, ਕਨਵੀਨਰ, ਕਰੀਅਰ ਅਤੇ ਪਲੇਸਮੈਂਟ ਸੈੱਲ ਦੇ ਮਾਰਗਦਰਸ਼ਨ ਹੇਠ ਆਯੋਜਿਤ ਕੀਤਾ ਗਿਆ। ਸੈਮੀਨਾਰ ਦੌਰਾਨ ਸ੍ਰੀਮਤੀ ਸੁਖਮਨ ਬਾਠ, ਉਪ ਮੁੱਖ ਕਾਰਜਕਾਰੀ ਅਫ਼ਸਰ ਅਤੇ ਨਬੀਹਾ, ਕਰੀਅਰ ਕਾਊਂਸਲਰ, ਵੱਲੋਂ ਵਿਦਿਆਰਥੀਆਂ ਨੂੰ ਕਰੀਅਰ ਨਾਲ ਸਬੰਧਤ ਮਹੱਤਵਪੂਰਨ ਜਾਣਕਾਰੀ ਅਤੇ ਮਾਰਗਦਰਸ਼ਨ ਪ੍ਰਦਾਨ ਕੀਤਾ ਗਿਆ। ਇਸ ਮੌਕੇ ਬੀ ਸੀ ਏ, ਬੀ ਬੀ ਏ, ਬੀ ਕਾਮ ਅਤੇ ਬੀ ਐਸ ਆਦਿ ਵੱਖ-ਵੱਖ ਕੋਰਸਾਂ ਦੇ ਅੰਤਿਮ ਸਾਲ ਦੇ ਵਿਦਿਆਰਥੀਆਂ ਨੇ ਭਾਗ ਲਿਆ। ਸਰੋਤ ਵਿਅਕਤੀਆਂ ਵੱਲੋਂ ਵਿਦਿਆਰਥੀਆਂ ਨੂੰ ਨੈਸ਼ਨਲ ਕਰੀਅਰ ਸਰਵਿਸ ਪੋਰਟਲ, ਉੱਚ ਸਿੱਖਿਆ ਲਈ ਵਜ਼ੀਫ਼ਾ ਯੋਜਨਾਵਾਂ, ਪੰਜਾਬ ਰੋਜ਼ਗਾਰ ਪੋਰਟਲ ਅਤੇ ਰੋਜ਼ਗਾਰ ਦੇ ਵੱਖ-ਵੱਖ ਮੌਕਿਆਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਸਟਾਰਟਅੱਪ ਅਤੇ ਉਦਮਤਾ ਨੂੰ ਕੈਰੀਅਰ ਦੇ ਇੱਕ ਵਿਕਲਪ ਵਜੋਂ ਅਪਣਾਉਣ, ਹੁਨਰ-ਅਧਾਰਿਤ ਵੋਕੇਸ਼ਨਲ ਕੋਰਸਾਂ ਅਤੇ ਟ੍ਰੇਨਿੰਗ ਪ੍ਰੋਗਰਾਮਾਂ ਅਤੇ ਆਈ ਟੀ ਆਈ ਕੋਰਸਾਂ ਸਬੰਧੀ ਵੀ ਜਾਣਕਾਰੀ ਸਾਂਝੀ ਕੀਤੀ ਗਈ।



ਵਿਦਿਆਰਥੀਆਂ ਨੂੰ ਰਿਜ਼ਿਊਮੇ ਤਿਆਰ ਕਰਨ ਅਤੇ ਪ੍ਰਭਾਵਸ਼ਾਲੀ ਨੌਕਰੀ ਅਰਜ਼ੀਆਂ ਲਈ ਰਿਜ਼ਿਊਮੇ ਨੂੰ ਪ੍ਰੋਫੈਸ਼ਨਲ ਬਣਾਉਣ ਸਬੰਧੀ ਵੀ ਵਿਹਾਰਕ ਜਾਣਕਾਰੀ ਦਿੱਤੀ ਗਈ। ਇਸ ਸਬੰਧੀ ਵੱਖ-ਵੱਖ ਰਿਜ਼ਿਊਮੇ-ਮੇਕਿੰਗ ਅਤੇ ਰਿਜ਼ਿਊਮੇ-ਇਨਹਾਂਸਮੈਂਟ ਟੂਲਜ਼ ਬਾਰੇ ਵੀ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਗਿਆ। ਸੈਮੀਨਾਰ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਰੋਜ਼ਗਾਰ, ਉੱਚ ਸਿੱਖਿਆ, ਉਦਮਤਾ, ਹੁਨਰ ਵਿਕਾਸ ਅਤੇ ਰਿਜ਼ਿਊਮੇ ਤਿਆਰੀ ਨਾਲ ਸਬੰਧਤ ਮੌਕਿਆਂ ਬਾਰੇ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਨੌਕਰੀ ਬਾਜ਼ਾਰ ਲਈ ਪ੍ਰਭਾਵਸ਼ਾਲੀ ਢੰਗ ਨਾਲ ਤਿਆਰ ਕਰਨਾ ਸੀ। ਅੰਤ ਵਿੱਚ ਪ੍ਰੋ. ਗੁਰਪ੍ਰੀਤ ਕੌਰ ਵੱਲੋਂ ਧੰਨਵਾਦ ਦਾ ਮਤਾ ਪੇਸ਼ ਕੀਤਾ ਗਿਆ। ਉਨ੍ਹਾਂ ਨੇ ਸਰੋਤ ਵਿਅਕਤੀਆਂ ਵੱਲੋਂ ਦਿੱਤੇ ਕੀਮਤੀ ਮਾਰਗਦਰਸ਼ਨ ਅਤੇ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਲਈ ਧੰਨਵਾਦ ਕੀਤਾ।

ਮਹਿੰਗਾਈ ਭੱਤੇ ਨੂੰ ਕੇਂਦਰ ਸਰਕਾਰ ਦੇ ਪੈਟਰਨ ਤੋਂ ਡਿਲਿੰਕ ਕਰਨ ਦੀ ਚਾਲ ਕਾਮਯਾਬ ਨਹੀਂ ਹੋਣ ਦੇਵਾਂਗੇ: ਡਾ. ਐਨ.ਕੇ. ਕਲਸੀ

ਪੈ.ਗਾਮ-ਏ-ਜਗਤ
ਮੁਹਾਲੀ, 24 ਸਤੰਬਰ
ਪੰਜਾਬ ਰਾਜ ਪੈਨਸ਼ਨਰਜ ਮਹਾਸੰਘ ਦੇ ਸੂਬਾ ਪ੍ਰਧਾਨ ਡਾ. ਐਨ.ਕੇ. ਕਲਸੀ, ਜਨਰਲ ਸਕੱਤਰ ਜੋਗਿੰਦਰ ਸਿੰਘ ਅਤੇ ਪ੍ਰੈਸ ਸਕੱਤਰ ਗੁਰਬਖਸ਼ ਸਿੰਘ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਹਿੰਗਾਈ ਭੱਤੇ ਨੂੰ ਕੇਂਦਰ ਸਰਕਾਰ ਦੇ ਪੈਟਰਨ ਤੋਂ ਡਿਲਿੰਕ ਕਰਨ ਦੀ ਕੋਸ਼ਿਸ਼ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਪੰਜਾਬ ਸਰਕਾਰ ਤੋਂ 23-9-2026 ਨੂੰ ਜਾਰੀ ਪੱਤਰ ਵਿੱਚ ਲੋੜੀਂਦੀ ਸੋਧ ਕਰਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਡੀਏ/ਡੀ.ਆਰ. ਦੀਆਂ ਬਕਾਇਆ ਕਿਸਤਾਂ 1-7-2023 ਤੋਂ 46 ਫੀਸਦੀ ਅਤੇ 1-1-2024 ਤੋਂ 50 ਫੀਸਦੀ ਦੀਆਂ ਬਣਦੀਆਂ ਮਿਤੀਆਂ ਤੋਂ ਦੇਣ ਦੀ ਮੰਗ ਕੀਤੀ।

ਉਨ੍ਹਾਂ ਕਿਹਾ ਕਿ ਮਹਿੰਗਾਈ ਭੱਤਾ ਵਧ ਰਹੀ ਮਹਿੰਗਾਈ ਨੂੰ ਧਿਆਨ ਵਿੱਚ ਰੱਖ ਕੇ ਦਿੱਤਾ ਜਾਂਦਾ ਹੈ ਅਤੇ ਪੰਜਾਬ ਵਿੱਚ ਇਹ ਕੇਂਦਰ ਸਰਕਾਰ ਦੀ ਤਰਜ਼ 'ਤੇ ਦੇਣ ਦਾ ਫੈਸਲਾ ਕੀਤਾ ਗਿਆ ਸੀ। ਕੇਂਦਰ ਸਰਕਾਰ ਆਪਣੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਹਰ ਛੇ ਮਹੀਨੇ ਬਾਅਦ 1 ਜਨਵਰੀ ਅਤੇ 1 ਜੁਲਾਈ ਤੋਂ ਡੀਏ ਅਦਾ ਕਰਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵਿੱਚ ਡੀਏ ਨੂੰ ਕੇਂਦਰ ਸਰਕਾਰ ਨਾਲੋਂ ਡਿਲਿੰਕ ਕਰਨ ਕਾਰਨ 1-7-2023 ਤੋਂ 1-1-2026 ਤੱਕ ਦੀਆਂ 6 ਕਿਸਤਾਂ, ਕੁੱਲ 18 ਫੀਸਦੀ ਡੀਏ, ਬਕਾਇਆ ਹਨ ਅਤੇ ਇਸ ਸਮੇਂ ਕੇਵਲ 42 ਫੀਸਦੀ ਡੀਏ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਕੰਮ ਕਰ ਰਹੇ ਆਈਏਐਸ ਅਤੇ ਆਈਪੀਐਸ ਅਧਿਕਾਰੀਆਂ ਨੂੰ ਕੇਂਦਰ ਦੇ ਪੈਟਰਨ ਅਨੁਸਾਰ 60 ਫੀਸਦੀ ਡੀਏ ਦਿੱਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ 18-9-2026 ਨੂੰ ਮੁੱਖ ਮੰਤਰੀ ਨਾਲ ਮੁਲਾਜ਼ਮਾਂ ਤੇ ਪੈਨਸ਼ਨਰ ਜਥੇਬੰਦੀਆਂ ਦੀ ਮੀਟਿੰਗ ਦੌਰਾਨ 8 ਫੀਸਦੀ ਡੀਏ ਦੇਣ ਦਾ ਐਲਾਨ ਕੀਤਾ ਗਿਆ ਸੀ, ਪਰ 23-9-2026 ਦੇ ਪੱਤਰ ਵਿੱਚ ਇਹ 8 ਫੀਸਦੀ ਡੀਏ 1-9-2026 ਤੋਂ ਦੇਣ ਦੇ ਹੁਕਮ ਹਨ। ਪੱਤਰ ਵਿੱਚ 1-7-2023 ਤੋਂ 4 ਫੀਸਦੀ ਅਤੇ 1-1-2024 ਤੋਂ 4 ਫੀਸਦੀ ਡੀਏ ਦੇਣ ਬਾਰੇ ਸਪਸ਼ਟ ਨਹੀਂ ਕੀਤਾ ਗਿਆ।

ਡਾ. ਕਲਸੀ ਨੇ ਕਿਹਾ ਕਿ ਪੈਨਸ਼ਨਰਾਂ ਵੱਲੋਂ ਕੇਂਦਰ ਦੇ ਪੈਟਰਨ ਅਨੁਸਾਰ ਡੀਏ ਲੈਣ ਦੇ ਹੱਕ ਸਬੰਧੀ ਹਾਈ ਕੋਰਟ ਵਿੱਚ ਕੇਸ ਦਾਇਰ ਕੀਤੇ ਗਏ ਹਨ। 3-8-2026 ਨੂੰ ਹਾਈ ਕੋਰਟ ਦੇ ਚੀਫ ਜਸਟਿਸ ਵੱਲੋਂ ਕੇਂਦਰ ਦੇ ਪੈਟਰਨ ਅਨੁਸਾਰ ਬਣਦਾ ਡੀਏ 15 ਦਿਨਾਂ ਅੰਦਰ ਅਦਾ ਕਰਨ ਦੇ ਹੁਕਮ ਦਿੱਤੇ ਗਏ ਸਨ, ਪਰ ਪੰਜਾਬ ਸਰਕਾਰ ਵੱਲੋਂ ਅਜੇ ਤੱਕ ਇਹ ਲਾਗੂ ਨਹੀਂ ਕੀਤਾ ਗਿਆ।

ਉਨ੍ਹਾਂ ਕਿਹਾ ਕਿ 1-1-2016 ਤੋਂ ਪੈਨਸ਼ਨਾਂ ਸੋਧਣ ਸਮੇਂ 125 ਫੀਸਦੀ ਡੀਏ ਦੀ ਬਜਾਏ 113 ਫੀਸਦੀ ਡੀਏ ਮਰਜ ਕਰਕੇ 2.4495 ਫੈਕਟਰ ਲਾਗੂ ਕੀਤਾ ਗਿਆ ਸੀ। ਪੈਨਸ਼ਨਰਾਂ ਦਾ ਦੋਸ਼ ਹੈ ਕਿ ਇਸ ਨਾਲ ਉਨ੍ਹਾਂ ਨਾਲ ਅਨਿਆਏ ਹੋਇਆ। ਉਨ੍ਹਾਂ ਕਿਹਾ ਕਿ ਜੇ 1-1-2026 ਤੋਂ ਪੈਨਸ਼ਨਾਂ ਸੋਧਣ ਸਮੇਂ ਵੀ ਇਹੀ ਫਾਰਮੂਲਾ ਲਾਗੂ ਕੀਤਾ ਗਿਆ ਤਾਂ 60 ਫੀਸਦੀ ਦੀ ਥਾਂ ਕੇਵਲ 50 ਫੀਸਦੀ ਡੀਏ ਮਰਜ ਹੋਵੇਗਾ, ਜੋ ਪੈਨਸ਼ਨਰਾਂ ਲਈ ਹੋਰ ਨੁਕਸਾਨਦਾਇਕ ਹੋਵੇਗਾ।

ਚੱਕਭੰਗਵਾਂ ਵਿਖੇ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ

ਬਟਾਲਾ, 24 ਸਤੰਬਰ (ਪੈ.ਗਾਮ-ਏ-ਜਗਤ)
ਸਮੂਹ ਇਲਾਕਾ ਨਿਵਾਸੀ ਪਿੰਡ ਚੱਕ ਭੰਗਵਾਂ ਵਲੋ ਗੁਰਦੁਆਰਾ ਸਿੰਘ ਸਭਾ ਵਿਖੇ ਸਤਿਕਾਰਯੋਗ ਬੀਬੀ ਜੋਗਿੰਦਰ ਕੌਰ ਕੋਹਲੀ (ਮੁੰਬਈ) ਦੀ ਯਾਦ ਵਿਚ ਗੁਰਮਤਿ ਸਮਾਗਮ ਕਰਵਾਇਆਂ ਗਿਆ।ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਭਾਈ ਹਰਦੇਵ ਸਿੰਘ ਜੀ (ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ) ਵਲੋ ਕੀਰਤਨ ਕਰਨ ਉਪਰੰਤ ਗਿਆਨੀ ਸਰਵਣ ਸਿੰਘ ਜੀ (ਅਰਦਾਸੀਏ ਸ੍ਰੀ ਦਰਬਾਰ ਸਾਹਿਬ) ਵਲੋਂ ਅਰਦਾਸ ਤੇ ਮੁਖਵਾਕ ਦੀ ਸੇਵਾ ਨਿਭਾਈ। ਉਪਰੰਤ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ.) ਅੰਮ੍ਰਿਤਸਰ, ਭੁਪਿੰਦਰ ਸਿੰਘ ਕੋਹਲੀ, ਮੇਜਰ ਸਿੰਘ, ਪ੍ਰਿੰਸੀਪਲ ਤੇ ਸਟਾਫ ਅਕਾਲ ਅਕੈਡਮੀ ਮੂਲਿਆਂਵਾਲ, ਤਿਬੱੜ ਤੇ ਖਮਾਣੋ, ਮਨਪ੍ਰੀਤ ਕੌਰ, ਹਰਬਖਸ਼ ਸਿੰਘ ਸਿਵਲ ਡਿਫੈਂਸ ਬਟਾਲਾ, ਵਲੋ ਮਾਤਾ ਜੀ ਦੇ ਜੀਵਨ ਤੇ ਚਾਨਣਾ ਪਾਉਦੇ ਹੋਏ ਦਸਿਆ ਕਿ ਬੀਬੀ ਜੋਗਿੰਦਰ ਕੌਰ ਕੋਹਲੀ (ਮੁੰਬਈ) ਸੇਵਾ ਤੇ ਤਿਆਗ ਦੀ ਮੂਰਤ ਤੇ ਇਕ ਸੰਸਥਾ ਸਨ। ਉਹ ਕਰਮੀ ਸਨ, ਲਾਵਾਰਸ ਤੇ ਜ਼ਰੂਰਤ ਮੰਦ ਬੱਚਿਆਂ ਖਾਸਕਰ ਲੜਕੀਆਂ ਦੀ ਦੇਖਭਾਲ 95 ਸਾਲ ਦੀ ਉਮਰ ਤੱਕ ਖੁਦ ਕਰਦੇ ਸਨ। ਮਾਤਾ ਜੀ ਲੰਮੇ ਸਮੇਂ ਤੋਂ ਗਰੀਬਾਂ ਦੀ ਦਵਾਈਆਂ ਅਤੇ ਪੁਰਾਣੇ ਕੱਪੜੇ ਦੀ ਸਹਾਇਤਾ, ਰੁੱਖ ਲਗਾਉਣੇ ਤੇ ਪਾਲਣਾ ਕਰਨੀ, ਜਿੰਦਗੀ ਦਾ ਇਕ ਮਿਸ਼ਨ ਵਾਂਗ ਕਰਦੇ ਸਨ।



ਅੱਜ ਉਹਨਾਂ ਦੀ ਯਾਦ ਵਿਚ ਵੱਖ ਵੱਖ ਅਕਾਲ ਅਕੈਡਮੀਆਂ ਵਿਚ ਜੰਗਲ ਲਗਾਏ ਜਾ ਰਹੇ ਹਨ। ਉਹਨਾਂ ਦੀ ਪਹਿਲੀ ਬਰਸੀ ਮੌਕੇ ਬਿਹਾਰ ਦੇ ਇਕ ਸਕੂਲ ਵਿਚ 111 ਨਿੰਮ ਤੇ 116 ਫਲਦਾਰ ਬੂਟੇ ਵੀ ਲਗਾਏ ਗਏ। ਆਖਰ ਵਿਚ ਉਹਨਾਂ ਦੇ ਜੀਵਨ ਦੇ ਅਧਾਰਤ ਤੇ ਹੋਰ ਕਿਤਾਬਾਂ ਹਾਜ਼ਰ ਸਭ ਨੂੰ ਕਿਤਾਬਾਂ ਵੰਡੀਆਂ ਗਈਆਂ। ਆਉ ਅਸੀ ਸਾਰੇ ਮਿਲ ਕੇ ਵਾਤਾਵਰਨ ਸੰਭਾਲੀਏ ਵੱਧ ਤੋਂ ਵੱਧ ਰੁੱਖ ਲਗਾਈਏ।

ਸਵੱਛਤਾ ਦੇ ਸੁਨੇਹੇ ਨਾਲ ਧੂਰੀ 'ਚ ਨਿਕਲੀ ਜਾਗਰੂਕਤਾ ਰੈਲੀ

ਧੂਰੀ, 24 ਸਤੰਬਰ (ਪੈ.ਗਾਮ-ਏ-ਜਗਤ)
ਨਗਰ ਕੌਂਸਲ ਧੂਰੀ ਵੱਲੋਂ ਸ਼ਹਿਰ ਨੂੰ ਸਾਫ਼-ਸੁਥਰਾ ਅਤੇ ਸੁੰਦਰ ਬਣਾਈ ਰੱਖਣ ਦੇ ਉਦੇਸ਼ ਨਾਲ ਸਵੱਛਤਾ ਅਭਿਆਨ ਤਹਿਤ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਈ ਗਈ। ਇਸ ਤਹਿਤ ਨਗਰ ਕੌਂਸਲ ਦੇ ਪ੍ਰਧਾਨ ਅਮਰਜੋਤ ਕੌਰ ਬਾਜਵਾ ਨੇ ਸਵੱਛਤਾ ਰੈਲੀ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਐੱਸ.ਡੀ. ਸਕੂਲ ਦੇ ਵਿਦਿਆਰਥੀਆਂ ਅਤੇ ਸਟਾਫ਼ ਵੱਲੋਂ ਵੀ ਸਵੱਛਤਾ ਮੁਹਿੰਮ ਵਿੱਚ ਸਰਗਰਮ ਸਹਿਯੋਗ ਦਿੱਤਾ ਗਿਆ।

• ਨਗਰ ਕੌਂਸਲ ਧੂਰੀ ਵੱਲੋਂ ਸਵੱਛਤਾ ਮੁਹਿੰਮ ਤਹਿਤ ਵਿਸ਼ੇਸ਼ ਉਪਰਾਲਾ, ਪ੍ਰਧਾਨ ਅਮਰਜੋਤ ਕੌਰ ਬਾਜਵਾ ਨੇ ਸਵੱਛਤਾ ਰੈਲੀ ਨੂੰ ਹਰੀ ਝੰਡੀ ਦੇ ਕੇ ਕੀਤਾ ਰਵਾਨਾ



ਇਸ ਮੌਕੇ ਪ੍ਰਧਾਨ ਅਮਰਜੋਤ ਕੌਰ ਬਾਜਵਾ ਨੇ ਕਿਹਾ ਕਿ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣਾ ਹਰੇਕ ਸ਼ਹਿਰ ਵਾਸੀ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਵੱਛਤਾ ਪ੍ਰਤੀ ਜਾਗਰੂਕ ਕਰਨ ਅਤੇ ਸ਼ਹਿਰ ਵਿੱਚ ਸਫਾਈ ਵਿਵਸਥਾ ਨੂੰ ਹੋਰ ਬਿਹਤਰ ਬਣਾਉਣ ਲਈ ਨਗਰ ਕੌਂਸਲ ਵੱਲੋਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।

ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਘਰਾਂ ਅਤੇ ਦੁਕਾਨਾਂ ਤੋਂ ਨਿਕਲਣ ਵਾਲੇ ਸੁੱਕੇ ਅਤੇ ਗਿੱਲੇ ਕੂੜੇ ਨੂੰ ਵੱਖ-ਵੱਖ ਰੱਖਿਆ ਜਾਵੇ ਅਤੇ ਇਸ ਨੂੰ ਨਿਰਧਾਰਤ ਡਸਟਬਿਨਾਂ ਜਾਂ ਕੂੜਾ ਇਕੱਠਾ ਕਰਨ ਵਾਲੇ ਸਾਧਨਾਂ ਵਿੱਚ ਹੀ ਪਾਇਆ ਜਾਵੇ। ਉਨ੍ਹਾਂ ਕਿਹਾ ਕਿ ਕੂੜੇ ਨੂੰ ਵੱਖ-ਵੱਖ ਰੱਖਣ ਨਾਲ ਕੂੜਾ ਇਕੱਠਾ ਕਰਨ ਵਾਲੇ ਪਿੱਕਰਜ਼ ਅਤੇ ਸਫਾਈ ਕਰਮਚਾਰੀਆਂ ਨੂੰ ਵੇਸਟ ਮਟੀਰੀਅਲ ਇਕੱਠਾ ਕਰਨ ਅਤੇ ਇਸ ਦੇ ਸਹੀ ਨਿਪਟਾਰੇ ਵਿੱਚ ਵੀ ਆਸਾਨੀ ਹੋਵੇਗੀ।

ਉਨ੍ਹਾਂ ਕਿਹਾ ਕਿ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਧੂਰੀ ਸ਼ਹਿਰ ਪਹਿਲਾਂ ਦੇ ਮੁਕਾਬਲੇ ਕਾਫ਼ੀ ਸਾਫ਼-ਸੁਥਰਾ ਹੋ ਰਿਹਾ ਹੈ ਅਤੇ ਇਸ ਸਫਾਈ ਵਿਵਸਥਾ ਨੂੰ ਅੱਗੇ ਵੀ ਬਰਕਰਾਰ ਰੱਖਣ ਲਈ ਨਗਰ ਕੌਂਸਲ ਵੱਲੋਂ ਹਰ ਸੰਭਵ ਉਪਰਾਲਾ ਕੀਤਾ ਜਾਵੇਗਾ।

ਇਸ ਮੌਕੇ ਐੱਸ.ਡੀ. ਸਕੂਲ ਦੇ ਵਿਦਿਆਰਥੀਆਂ ਵੱਲੋਂ ਸਵੱਛਤਾ ਪ੍ਰਤੀ ਜਾਗਰੂਕਤਾ ਦਾ ਸੰਦੇਸ਼ ਦਿੰਦਿਆਂ ਰੈਲੀ ਵਿੱਚ ਭਾਗ ਲਿਆ ਗਿਆ ਅਤੇ ਲੋਕਾਂ ਨੂੰ ਆਪਣੇ ਆਲੇ-ਦੁਆਲੇ ਦੀ ਸਫਾਈ ਰੱਖਣ, ਕੂੜਾ ਇੱਧਰ-ਉੱਧਰ ਨਾ ਸੁੱਟਣ ਅਤੇ ਗਿੱਲੇ ਤੇ ਸੁੱਕੇ ਕੂੜੇ ਨੂੰ ਵੱਖ-ਵੱਖ ਰੱਖਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਕਾਰਜਸਾਧਕ ਅਫ਼ਸਰ ਗੁਰਵਿੰਦਰ ਸਿੰਘ, ਕੌਂਸਲਰ ਰਾਜੀਵ ਚੌਧਰੀ, ਸੁਸ਼ੀਲ ਰਾਣੀ, ਬਿੱਲਾ ਸਿੰਘ, ਸ਼ਸ਼ੀ ਦੇਵੀ, ਐਸ.ਆਈ ਰਾਜੇਸ਼ ਕੁਮਾਰ, ਨਵਦੀਪ ਕੁਮਾਰ ਸਮੇਤ ਐਸ.ਬੀ.ਐਮ ਟੀਮ ਮੌਜੂਦ ਸੀ।

ਸ.ਫ਼ਾ 1 ਦਾ ਬਾਕੀ...

ਸਮਾਜਿਕ ਨਿਆਂ ਸਿਰਫ਼...
ਸਕੂਲ 'ਚ ਨਵੇਂ ਕਮਰੇ, ਲਾਇਬ੍ਰੇਰੀਆਂ, ਐਂਬੂਲੈਂਸਾਂ, ਮੁਹੱਲਾ ਕਲੀਨਿਕ, ਸੋਲਰ ਸਟ?ਰੀਟ ਲਾਈਟਾਂ ਅਤੇ ਸਥਾਨਕ ਤੌਰ 'ਤੇ ਲੋੜੀਂਦੇ ਹੋਰ ਬੁਨਿਆਦੀ ਢਾਂਚਾ ਕੰਮਾਂ ਲਈ ਕੀਤੀ ਜਾ ਸਕਦੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੇਂਡੂ ਵਿਕਾਸ ਵਿਭਾਗ ਨੇ ਇਨ੍ਹਾਂ ਫੰਡਾਂ ਦੀ ਪ੍ਰਭਾਵਸ਼ਾਲੀ ਅਤੇ ਸੁਚੱਜੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਪਹਿਲਾਂ ਹੀ ਵਿਆਪਕ ਰੂਪ-ਰੇਖਾ ਤਿਆਰ ਕਰ ਲਈ ਹੈ। ਉਨ੍ਹਾਂ ਕਿਹਾ, "ਅਸੀਂ ਲੋਕਾਂ ਦੇ ਆਰਥਿਕ ਸਸ਼ਕਤੀਕਰਨ ਲਈ ਵਚਨਬੱਧ ਹਾਂ ਅਤੇ ਇਨ੍ਹਾਂ ਯਤਨਾਂ ਦੇ ਹਿੱਸੇ ਵਜੋਂ ਰੋਜ਼ਗਾਰ ਪੈਦਾ ਕਰਨ ਵਾਸਤੇ ਯੋਗ ਵਿਅਕਤੀਆਂ ਨੂੰ 50,000 ਰੁਪਏ ਦੀ ਗ੍ਰਾਂਟ-ਇਨ-ਏਡ ਪ੍ਰਦਾਨ ਕੀਤੀ ਜਾਵੇਗੀ, ਜੋ ਲਾਭਪਾਤਰੀਆਂ ਨੂੰ ਆਮਦਨ ਪੈਦਾ ਕਰਨ ਵਾਲੀਆਂ ਗਤੀਵਿਧੀਆਂ ਸਥਾਪਤ ਕਰਨ ਜਾਂ ਇਸਦੇ ਵਿਸਥਾਰ ਅਤੇ ਉਨ੍ਹਾਂ ਨੂੰ ਆਤਮ-ਨਿਰਭਰ ਬਣਨ ਦੇ ਯੋਗ ਬਣਾਏਗੀ।

ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਲਾਗੂ ਕਰਨ ਦੀ ਸਮੀਖਿਆ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਸਕੀਮ ਲਈ 97 ਫੀਸਦ ਅਦਾਇਗੀਆਂ ਪਹਿਲਾਂ ਕਰ ਦਿੱਤੀਆਂ ਗਈਆਂ ਹਨ ਅਤੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਬਾਕੀ ਰਹਿੰਦੀਆਂ ਅਦਾਇਗੀਆਂ ਵੀ ਬਿਨਾਂ ਕਿਸੇ ਬੇਲੋੜੀ ਦੇਰੀ ਦੇ ਜਾਰੀ ਕੀਤੀਆਂ ਜਾਣ। ਉਨ੍ਹਾਂ ਕਿਹਾ, "ਸਮਾਜਿਕ ਨਿਆਂ ਸਿਰਫ਼ ਭਲਾਈ ਬਾਰੇ ਨਹੀਂ ਹੈ ਸਗੋਂ ਇਹ ਮਾਣ-ਸਤਿਕਾਰ, ਮੌਕੇ ਅਤੇ ਸਸ਼ਕਤੀਕਰਨ ਬਾਰੇ ਹੈ। ਉਨ੍ਹਾਂ ਕਿਹਾ ਕਿ ਅਸੀਂ ਅਜਿਹਾ ਮਾਹੌਲ ਬਣਾਉਣ ਲਈ ਵਚਨਬੱਧ ਹਾਂ ਜਿੱਥੇ ਹਰ ਪਰਿਵਾਰ, ਭਾਵੇਂ ਉਹ ਕਿਸੇ ਵੀ ਸਮਾਜਿਕ ਜਾਂ ਆਰਥਿਕ ਪਿਛੋਕੜ ਤੋਂ ਹੋਵੇ, ਉਹ ਮਾਣ ਨਾਲ ਆਪਣਾ ਜੀਵਨ ਬਤੀਤ ਕਰਦਿਆਂ ਆਪਣੇ ਲਈ ਬਿਹਤਰ ਭਵਿੱਖ ਦਾ ਨਿਰਮਾਣ ਕਰ ਸਕੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਉਦੋਂ ਹੀ ਤਰੱਕੀ ਕਰੇਗਾ, ਜਦੋਂ ਇਸ ਦਾ ਹਰ ਪਿੰਡ ਤਰੱਕੀ ਕਰੇਗਾ, ਹਰ ਭਾਈਚਾਰੇ ਨੂੰ ਬਰਾਬਰ ਦੇ ਮੌਕੇ ਮਿਲਣਗੇ ਅਤੇ ਹਰ ਨੌਜਵਾਨ ਪਛੜੇਪਣ ਦੇ ਕਿਸੇ ਬੋਝ ਬਿਨਾਂ ਆਪਣੇ ਸੁਪਨੇ ਪੂਰੇ ਕਰ ਸਕੇਗਾ। ਉਨ੍ਹਾਂ ਕਿਹਾ, "ਸਾਡੀ ਸਰਕਾਰ ਜ਼ਮੀਨੀ ਪੱਧਰ 'ਤੇ ਸਮੂਹਿਕ ਵਿਕਾਸ ਨੂੰ ਯਕੀਨੀ ਬਣਾਉਣ ਅਤੇ ਇਨ੍ਹਾਂ ਪਿੰਡਾਂ ਦੇ ਵਿਕਾਸ ਨੂੰ ਵੱਡਾ ਹੁਲਾਰਾ ਦੇਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਵਿਕਾਸ ਯਾਤਰਾ ਉਦੋਂ ਹੀ ਅੱਗੇ ਵਧੇਗੀ ਜਦੋਂ ਕੋਈ ਵੀ ਵਰਗ ਅਤੇ ਕੋਈ ਵੀ ਪਿੰਡ ਪਿੱਛੇ ਨਹੀਂ ਰਹੇਗਾ।

ਸ਼ਿਮਲਾ ਦੇ ਨੇੜਵਾ...
ਕਨਕ ਆਪਣੇ ਮਾਤਾ-ਪਿਤਾ ਨਾਲ ਘਰ ਦੀ ਹੇਠਲੀ ਮੰਜ਼ਿਲ 'ਤੇ ਸੁੱਤੀਆਂ ਹੋਈਆਂ ਸਨ। ਅਗਲੀ ਸਵੇਰ, ਉਨ੍ਹਾਂ ਦੇ ਪਿਤਾ ਕੰਮ 'ਤੇ ਚਲੇ ਗਏ ਅਤੇ ਉਨ੍ਹਾਂ ਦੀ ਮਾਂ, ਸਪਨਾ, ਖੇਤਾਂ ਵਿੱਚ ਕੰਮ ਕਰਨ ਲਈ ਚਲੀ ਗਈ। ਜਦੋਂ ਮਾਂ ਸਵੇਰੇ ਕਰੀਬ 8:00 ਵਜੇ ਘਰ ਵਾਪਸ ਆਈ, ਤਾਂ ਉਸਨੇ ਦੋਵਾਂ ਕੁੜੀਆਂ ਨੂੰ ਕਮਰੇ ਵਿੱਚ ਬੇਹੋਸ਼ ਪਾਇਆ। ਜਦੋਂ ਉਸਨੇ ਉਨ੍ਹਾਂ ਨੂੰ ਆਵਾਜ਼ ਦਿੱਤੀ ਤਾਂ ਉਨ੍ਹਾਂ ਨੇ ਕੋਈ ਜਵਾਬ ਨਹੀਂ ਦਿੱਤਾ।

6 ਸਾਲਾਂ ਤੋਂ...
ਨੂੰ ਪੁਲਿਸ ਸੇਵਾ ਤੋਂ ਬਰਖ਼ਾਸਤ ਕਰ ਦਿੱਤਾ ਸੀ। ਇਸ ਤੋਂ ਬਾਅਦ ਉਨ੍ਹਾਂ ਖ਼?ਲਾਫ਼ ਡਰੱਗ ਮਾਮਲੇ ਦੇ ਨਾਲ-ਨਾਲ ਆਮਦਨ ਤੋਂ ਵੱਧ ਜਾਇਦਾਦ ਨਾਲ ਸਬੰਧਤ ਕੇਸ ਵੀ ਦਰਜ ਕੀਤਾ ਗਿਆ। ਰਾਜਜੀਤ ਸਿੰਘ ਨੇ ਸਤੰਬਰ 'ਚ ਸੁਪਰੀਮ ਕੋਰਟ ਅੱਗੇ ਸਰੈਂਡਰ ਕਰਨ ਦੀ ਇੱਛਾ ਜ਼ਾਹਰ ਕੀਤੀ ਸੀ। ਅਦਾਲਤ ਨੇ ਉਨ੍ਹਾਂ ਨੂੰ ਸਬੰਧਤ ਅਧਿਕਾਰੀਆਂ ਅੱਗੇ ਸਰੈਂਡਰ ਕਰਨ ਲਈ ਕਿਹਾ ਸੀ। ਇਸ ਤੋਂ ਬਾਅਦ 24 ਸਤੰਬਰ ਨੂੰ ਉਨ੍ਹਾਂ ਨੇ ਪਟਿਆਲਾ ਪੁਲਿਸ ਅੱਗੇ ਆਤਮ-ਸਮਰਪਣ ਕੀਤਾ। ਹੁਣ ਪੁਲਿਸ ਵੱਲੋਂ ਰਾਜਜੀਤ ਸਿੰਘ ਤੋਂ ਮਾਮਲੇ ਨਾਲ ਸਬੰਧਤ ਪੁੱਛਗਿੱਛ ਕੀਤੀ ਜਾਵੇਗੀ ਤੇ ਅਗਲੀ ਕਾਨੂੰਨੀ ਕਾਰਵਾਈ ਅਦਾਲਤੀ ਪ੍ਰਕਿਰਿਆ ਅਨੁਸਾਰ ਹੋਵੇਗੀ।

ਅਕਾਲੀ ਦਲ...
ਬਣਾਉਣ ਦੀ ਮੰਗ ਕੀਤੀ ਹੈ ਤਾਂ ਜੋ ਉਕਤ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਸਕੇ।

ਅਕਾਲੀ ਦਲ (ਪੁਨਰ ਸੁਰਜੀਤ) ਦੇ ਵਫ਼ਦ ਵਿੱਚ ਪਰਮਿੰਦਰ ਸਿੰਘ ਢੀਂਡਸਾ, ਗਗਨਜੀਤ ਸਿੰਘ ਬਰਨਾਲਾ, ਗੁਰਜੀਤ ਸਿੰਘ ਤਲਵੰਡੀ, ਹਰਬੰਸ ਸਿੰਘ ਕੰਧੋਲਾ, ਹਰਦੀਪ ਸਿੰਘ ਅਤੇ ਗੁਰਵਿੰਦਰ ਸਿੰਘ ਡੂਮਛੇੜੀ ਸ਼ਾਮਲ ਸਨ।

ਵਫ਼ਦ ਨੇ ਰਾਜਪਾਲ ਨੂੰ ਦੱਸਿਆ ਕਿ ਅਮਰਜੀਤ ਸਿੰਘ ਚਾਵਲਾ ਵਿਰੁੱਧ 21 ਅਗਸਤ 2026 ਨੂੰ ਜਬਰ ਜਨਾਹ ਦਾ ਕੇਸ ਦਰਜ ਕੀਤਾ ਗਿਆ ਸੀ ਪਰ ਪੁਲੀਸ ਦੀ ਢਿੱਲੀ ਕਾਰਵਾਈ ਸਦਕਾ ਉਸ ਦੀ ਗ੍ਰਿਫ਼ਤਾਰੀ ਨਹੀਂ ਹੋ ਸਕੀ ਅਤੇ ਉਹ ਵਿਦੇਸ਼ ਚਲਾ ਗਿਆ ਹੈ। ਉਨ੍ਹਾਂ ਮੁਲਜ਼ਮ ਦੇ ਵਿਦੇਸ਼ ਜਾਣ ਲਈ ਮਦਦ ਕਰਨ ਵਾਲਿਆਂ ਦੀ ਭਾਲ ਕਰਕੇ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸ਼ਿਕਾਇਤਕਰਤਾ ਔਰਤ ਨੂੰ ਬਹਿਰੀਨ ਤੋਂ ਵਾਪਸੀ 'ਤੇ ਨਾਭਾ ਜੇਲ੍ਹ ਵਿੱਚ ਨਜ਼ਰਬੰਦ ਕੀਤਾ ਗਿਆ ਅਤੇ ਉਸ ਦੀ ਰਿਹਾਈ ਤੋਂ ਬਾਅਦ ਸ੍ਰੀ ਆਨੰਦਪੁਰ ਸਾਹਿਬ ਤੱਕ ਲਿਜਾਣ ਅਤੇ ਉੱਥੋਂ ਦੇ 'ਭਾਈ ਬਚਿੱਤਰ ਸਿੰਘ ਯਾਤਰੀ ਨਿਵਾਸ' ਵਿਖੇ ਠਹਿਰਾਅ ਨਾਲ ਜੁੜੇ ਸਮੁੱਚੇ ਘਟਨਾਕ੍ਰਮ ਦੀ ਉੱਚ-ਪੱਧਰੀ ਜਾਂਚ ਹੋਣੀ ਚਾਹੀਦੀ ਹੈ।

ਕੁਰੂਕਸ਼ੇਤਰ: ਯਾਤਰੀਆਂ ਨਾਲ...
ਪੁਲਿਸ ਮੌਕੇ 'ਤੇ ਪਹੁੰਚੇ। ਜ਼ਖ਼ਮੀਆਂ ਨੂੰ ਤੁਰੰਤ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਹਾਦਸੇ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ ਹੈ। ਗੰਭੀਰ ਰੂਪ ਵਿੱਚ ਜ਼ਖ਼ਮੀ ਲਗਭਗ 20 ਲੋਕਾਂ ਦਾ ਇਲਾਜ ਜਾਰੀ ਹੈ। ਹਾਦਸੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ।

ਗੈਂਗਸਟਰ ਮੈਨਪਾਲ ਨੂੰ...
ਨੂੰ ਸੱਦਾ ਦਿੱਤਾ ਗਿਆ ਹੈ। ਵਿਆਹ ਨੂੰ ਲੈ ਕੇ ਫਾਰਮ ਹਾਊਸ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ। ਦੁਪਹਿਰ ਬਾਅਦ ਮੈਨਪਾਲ ਕੰਬੋਡੀਅਨ ਮੇਟਾਚਾਨ ਨਾਲ ਸੱਤ ਫੇਰੇ ਲਵੇਗਾ। ਵਿਆਹ ਵਿੱਚ ਆਉਣ-ਜਾਣ ਵਾਲੇ ਹਰ ਵਿਅਕਤੀ ਦੀ ਆਈ.ਡੀ. ਚੈੱਕ ਕਰਨ ਦੇ ਨਾਲ-ਨਾਲ ਨਾਂ ਅਤੇ ਮੋਬਾਈਲ ਨੰਬਰ ਨੋਟ ਕੀਤੇ ਜਾ ਰਹੇ ਹਨ। ਲਾੜੀ ਮੇਟਾਚਾਨ (36) ਆਪਣੇ ਤਿੰਨ ਬੱਚਿਆਂ ਨਾਲ ਝੱਜਰ ਪਹੁੰਚੀ ਹੈ । ਜਦਕਿ ਇੱਕ ਧੀ ਕੰਬੋਡੀਆ ਵਿੱਚ ਹੀ ਹੈ। ਮੇਟਾਚਾਨ ਅਜੇ ਢਿੱਲਾ ਦੇ ਦੂਜੇ ਘਰ ਵਿੱਚ ਰਹਿ ਰਹੀ ਹੈ ।

ਗਮਾਡਾ ਦਫ਼ਤਰ 'ਚ...
ਈਡੀ ਦੀਆਂ ਟੀਮਾਂ ਵੱਲੋਂ ਗਮਾਡਾ ਦੇ ਕਿਸੇ ਵੀ ਅਧਿਕਾਰੀ ਨੂੰ ਹਿਰਾਸਤ ਵਿੱਚ ਨਹੀਂ ਲਿਆ ਗਿਆ ਹੈ। ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਦੇ ਸਕੱਤਰ ਵਿਕਾਸ ਗਰਗ ਸਮੇਤ ਗਮਾਡਾ ਦੇ ਉੱਚ ਅਧਿਕਾਰੀ ਵਾਪਸ ਆਪਣੇ ਕੰਮ 'ਤੇ ਪਰਤ ਆਏ ਹਨ। ਇਹ ਵੀ ਜਾਣਕਾਰੀ ਹੈ ਕਿ ਜ਼ਬਤ ਕੀਤੇ ਗਏ ਦਸਤਾਵੇਜ਼ਾਂ ਦੇ ਆਧਾਰ 'ਤੇ ਈਡੀ ਆਉਣ ਵਾਲੇ ਦਿਨਾਂ ਵਿੱਚ ਅਧਿਕਾਰੀਆਂ ਨੂੰ ਸੰਮਨ ਜਾਰੀ ਕਰਕੇ ਪੁੱਛਗਿੱਛ ਲਈ ਬੁਲਾ ਸਕਦੀ ਹੈ।

ਹਰਜੋਤ ਬੈਂਸ ਦਾ...
ਇਮਾਨਦਾਰੀ ਨਾਲ ਪੂਰਾ ਕੀਤਾ ਹੈ। ਸਿੱਖਿਆ ਮੰਤਰੀ ਨੇ ਕਿਹਾ ਕਿ ਮਾਨ ਸਰਕਾਰ ਨੇ ਸਿਰਫ਼ ਵਾਅਦੇ ਹੀ ਪੂਰੇ ਨਹੀਂ ਕੀਤੇ, ਸਗੋਂ ਲੋਕਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮਿਥੇ ਟੀਚੇ ਤੋਂ ਵੱਧ ਡਿਲੀਵਰੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸੂਬੇ ਦੇ ਲੋਕਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ, ਸਰਕਾਰੀ ਸਕੂਲਾਂ ਦੇ ਮਿਆਰ ਵਿੱਚ ਸੁਧਾਰ ਲਿਆ ਕੇ ਬਿਹਤਰ ਸਿੱਖਿਆ ਅਤੇ ਵਿਸ਼ਵ ਪੱਧਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ। ਇਸ ਤੋਂ ਇਲਾਵਾ, ਦੇਸ਼ ਦੀ ਖ਼ਾਤਰ ਕੁਰਬਾਨੀ ਦੇਣ ਵਾਲੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਦਿੱਤੀ ਜਾਣ ਵਾਲੀ 1 ਕਰੋੜ ਰੁਪਏ ਦੀ ਸਨਮਾਨ ਰਾਸ਼ੀ ਦੀ ਗਰੰਟੀ ਨੂੰ ਪੂਰੀ ਸੰਜੀਦਗੀ ਨਾਲ ਜ਼ਮੀਨ 'ਤੇ ਲਾਗੂ ਕੀਤਾ ਗਿਆ ਹੈ। ਉਨ੍ਹਾਂ ਖ਼ਾਸ ਤੌਰ 'ਤੇ ਜ਼ਿਕਰ ਕੀਤਾ ਕਿ ਪੰਜਾਬ ਪੂਰੇ ਦੇਸ਼ ਦਾ ਅਜਿਹਾ ਪਹਿਲਾ ਸੂਬਾ ਬਣਿਆ ਹੈ, ਜਿੱਥੇ ਬਿਨਾਂ ਕਿਸੇ ਜਾਤੀ, ਧਰਮ ਜਾਂ ਸਾਲਾਨਾ ਆਮਦਨ ਦੀ ਬੰਦਿਸ਼ ਦੇ ਹਰੇਕ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਸਿਹਤ ਬੀਮਾ ਦਿੱਤਾ ਜਾ ਰਿਹਾ ਹੈ। ਇਸ ਦੇ ਨਾਲ ਹੀ, ਔਰਤਾਂ ਨੂੰ 1,000 ਰੁਪਏ ਦੇਣ ਦੇ ਵਾਅਦੇ ਤੋਂ ਅੱਗੇ ਵਧ ਕੇ ਦਲਿਤ ਪਰਿਵਾਰਾਂ ਦੀਆਂ ਔਰਤਾਂ ਨੂੰ 1,500 ਰੁਪਏ ਪ੍ਰਤੀ ਮਹੀਨਾ ਸਨਮਾਨ ਭੱਤਾ ਜਾਰੀ ਕੀਤਾ ਜਾ ਰਿਹਾ ਹੈ।

"ਈਡੀ ਨੇ ਪਾਰਟੀ...
ਮਿਲਦਿਆਂ ਹੀ ਯਮੁਨਾ ਐਕਸਪ੍ਰੈਸਵੇਅ ਦੇ ਨਿੱਜੀ ਸੁਰੱਖਿਆ ਕਰਮਚਾਰੀ, ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅਤੇ ਸਥਾਨਕ ਪੁਲਿਸ ਮੌਕੇ 'ਤੇ ਪਹੁੰਚ ਗਈ। ਸਖ਼ਤ ਮੁਸ਼ੱਕਤ ਤੋਂ ਬਾਅਦ, ਪੁਲਿਸ ਅਤੇ ਬਚਾਅ ਟੀਮਾਂ ਨੇ ਅੱਗ 'ਤੇ ਕਾਬੂ ਪਾਇਆ ਅਤੇ ਜ਼ਖ਼ਮੀ ਯਾਤਰੀਆਂ ਨੂੰ ਤੁਰੰਤ ਨੇੜਲੇ ਹਸਪਤਾਲ ਪਹੁੰਚਾਇਆ। ਮੁੱਢਲੀ ਜਾਂਚ ਵਿੱਚ ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਦੱਸਿਆ ਜਾ ਰਿਹਾ ਹੈ।

9 ਯਾਤਰੀਆਂ ਦੀ...
ਮਿਲਦਿਆਂ ਹੀ ਯਮੁਨਾ ਐਕਸਪ੍ਰੈਸਵੇਅ ਦੇ ਨਿੱਜੀ ਸੁਰੱਖਿਆ ਕਰਮਚਾਰੀ, ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅਤੇ ਸਥਾਨਕ ਪੁਲਿਸ ਮੌਕੇ 'ਤੇ ਪਹੁੰਚ ਗਈ। ਸਖ਼ਤ ਮੁਸ਼ੱਕਤ ਤੋਂ ਬਾਅਦ, ਪੁਲਿਸ ਅਤੇ ਬਚਾਅ ਟੀਮਾਂ ਨੇ ਅੱਗ 'ਤੇ ਕਾਬੂ ਪਾਇਆ ਅਤੇ ਜ਼ਖ਼ਮੀ ਯਾਤਰੀਆਂ ਨੂੰ ਤੁਰੰਤ ਨੇੜਲੇ ਹਸਪਤਾਲ ਪਹੁੰਚਾਇਆ। ਮੁੱਢਲੀ ਜਾਂਚ ਵਿੱਚ ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਦੱਸਿਆ ਜਾ ਰਿਹਾ ਹੈ।

ਚੋਣ ਕਮਿਸ਼ਨ ਦੇ...
ਅਭਿਜੀਤ ਦੀਪਕੇ ਨੇ ਕਿਹਾ ਕਿ ਇਸ ਰਿਪੋਰਟ ਤੋਂ ਸਾਬਤ ਹੁੰਦਾ ਹੈ ਕਿ ਚੋਣ ਕਮਿਸ਼ਨਰ ਨੇ ਦੇਸ਼ ਦੇ ਲੋਕਤੰਤਰ ਨੂੰ ਪੁੱਠਾ ਗੇੜਾ ਦੇ ਦਿੱਤਾ ਹੈ ਅਤੇ ਹੁਣ ਜਨਤਾ ਇਹ ਤੈਅ ਨਹੀਂ ਕਰਦੀ ਕਿ ਕਿਸ ਨੂੰ ਵੋਟ ਪਾਉਣੀ ਹੈ।

ਸਗੋਂ ਸਰਕਾਰ ਇਹ ਤੈਅ ਕਰ ਰਹੀ ਹੈ ਕਿ ਕਿਸ ਦੀ ਵੋਟ ਬਣੇਗੀ ਅਤੇ ਕਿਸ ਦੀ ਨਹੀਂ। ਪ੍ਰੈਸ ਕਾਨਫਰੰਸ ਦੌਰਾਨ ਵੱਖ-ਵੱਖ ਸੂਬਿਆਂ ਵਿੱਚ ਵੋਟਰ ਸੂਚੀਆਂ ਵਿੱਚੋਂ ਨਾਂ ਕੱਟਣ ਦੇ ਅੰਕੜੇ ਸਾਹਮਣੇ ਲਿਆਂਦੇ ਗਏ। ਸੀ.ਜੇ.ਪੀ. ਮੁਖੀ ਨੇ ਦੋਸ਼ ਲਗਾਇਆ ਕਿ ਐਸ.ਆਈ.ਆਰ. ਪ੍ਰਕਿਰਿਆ ਤਹਿਤ ਕਰੀਬ 13 ਕਰੋੜ ਵੋਟਾਂ ਰੱਦ ਕਰ ਦਿੱਤੀਆਂ ਗਈਆਂ ਹਨ ਅਤੇ ਗਿਆਨੇਸ਼ ਕੁਮਾਰ ਸਿਰਫ਼ ਇਸ ਲਈ ਕੰਮ ਕਰ ਰਹੇ ਹਨ ਤਾਂ ਜੋ ਭਾਜਪਾ ਸੱਤਾ ਵਿੱਚ ਬਣੀ ਰਹੇ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਵਿਰੋਧੀ ਧਿਰ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜੋ ਕਿ ਕਿਸੇ ਵੀ ਤਰ੍ਹਾਂ ਨਿਰਪੱਖ ਚੋਣਾਂ ਦਾ ਹਿੱਸਾ ਨਹੀਂ ਹੈ। ਉਨ੍ਹਾਂ ਮਹਾਰਾਸ਼ਟਰ ਅਤੇ ਹੋਰ ਰਾਜਾਂ ਦੀਆਂ ਉਦਾਹਰਣਾਂ ਦਿੰਦਿਆਂ ਕਿਹਾ ਕਿ ਸ਼ਿਵ ਸੈਨਾ ਅਤੇ ਐਨ.ਸੀ.ਪੀ. ਨੂੰ ਤੋੜਿਆ ਗਿਆ ਅਤੇ ਉਨ੍ਹਾਂ ਦੇ ਅਧਿਕਾਰਕ ਚੋਣ ਨਿਸ਼ਾਨ ਖੋਹ ਕੇ ਦੂਜੇ ਧੜਿਆਂ ਨੂੰ ਦੇ ਦਿੱਤੇ ਗਏ।

ਨਸ਼ਿਆਂ ਨੇ ਪੰਜਾਬ...
ਗੈਂਗਸਟਰਵਾਦ ਵਿਰੁੱਧ ਕਾਰਵਾਈ ਅਤੇ ਸਮਾਜ ਨੂੰ ਨਸ਼ਿਆਂ ਵਿਰੁੱਧ ਇੱਕਜੁੱਟ ਕਰਨਾ ਜ਼ਰੂਰੀ ਹੈ। ਇਸ ਮੌਕੇ ਦਿੱਲੀ ਦੇ ਸਾਬਕਾ ਮੰਤਰੀ ਅਤੇ ਵਿਧਾਇਕ ਅਰਵਿੰਦਰ ਸਿੰਘ ਲਵਲੀ ਨੇ ਅੰਮ੍ਰਿਤਸਰ ਵਿੱਚ 'ਨਸ਼ਾ ਮੁਕਤ ਪੰਜਾਬ ਯਾਤਰਾ' ਦੌਰਾਨ ਆਮ ਆਦਮੀ ਪਾਰਟੀ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਚੋਣਾਂ ਦੀ ਤਿਆਰੀ ਵਿੱਚ ਰੁੱਝੀਆਂ ਹੋਈਆਂ ਹਨ, ਪਰ ਪੰਜਾਬ ਦੀਆਂ ਜੜ੍ਹਾਂ ਨੂੰ ਖੋਖਲਾ ਕਰ ਰਹੀਆਂ ਅਸਲ ਸਮੱਸਿਆਵਾਂ ਨਸ਼ਾ, ਬੇਰੁਜ਼ਗਾਰੀ, ਗੈਂਗਸਟਰਵਾਦ ਅਤੇ ਕਾਨੂੰਨ-ਵਿਵਸਥਾ ਤੇ ਗੰਭੀਰ ਚਰਚਾ ਨਹੀਂ ਹੋ ਰਹੀ।

ਸੰਪਾਦਕ-ਦਵਿੰਦਰ ਕੁਮਾਰ ਨੇ ਪ੍ਰਿੰਟਰ, ਇੰਮਪ੍ਰੈਸ਼ਨ ਪ੍ਰਿੰਟਿਗ ਅਤੇ ਪੈਕਿੰਗ ਲਿਮਿਟਿਡ, ਪਲਾਟ 22 ਅਤੇ 49 ਜੀਐਫ਼, ਇੰਡਸਟਰੀ ਏਰੀਆ, ਫ਼ੇਸ-2 ਪੰਚਕੂਲਾ (ਹਰਿਆਣਾ) ਤੋਂ ਪ੍ਰਕਾਸ਼ਿਤ Title code : CHAMUL00914
Editor-Davinder Kumar printed at Impression Printing & Packaging Ltd.Plot 22 & 49GF, Industrial Area, Phase-2 Panchkula(Haryana)-134115

ਦੀ ਨਵਾਂਸ਼ਹਿਰ ਸਹਿਕਾਰੀ ਖੰਡ ਮਿੱਲਜ਼ ਲਿਮ. ਨਵਾਂਸ਼ਹਿਰ ਦਾ ਹੋਇਆ ਆਮ ਅਜਲਾਸ

ਪੈ.ਗਾਮ-ਏ-ਜਗਤ/ਨਵਾਂਸ਼ਹਿਰ 24 ਸਤੰਬਰ (ਗੁਰਬਖਸ਼ ਸਿੰਘ ਮਹੇ)

ਸਹਿਕਾਰੀ ਖੰਡ ਮਿੱਲ ਨਵਾਂਸ਼ਹਿਰ ਵੱਲੋਂ ਆਪਣੇ ਸਮੂਹ ਹਿੱਸੇਦਾਰਾਂ ਦਾ ਸਲਾਨਾ ਆਮ ਇਜਲਾਸ ਬੰਗਾ ਰੋਡ ਤੇ ਸਥਿਤ ਜੀ ਐਨ ਫੂਡ, ਪੈਲੇਸ ਨਵਾਂਸ਼ਹਿਰ ਵਿਖੇ ਕਰਵਾਇਆ ਗਿਆ। ਇਸ ਆਮ ਇਜਲਾਸ ਵਿੱਚ ਮਿੱਲ ਦੇ 609 ਹਿੱਸੇਦਾਰ ਹਾਜ਼ਰ ਹੋਏ। ਮਿੱਲ ਦੇ ਆਮ ਇਜਲਾਸ ਵਿੱਚ ਸਰਕਾਰੀ ਨੁਮਾਇੰਦਿਆਂ, ਬੋਰਡ ਆਫ਼ ਡਾਇਰੈਕਟਰਜ਼ ਅਤੇ ਮਿੱਲ ਦੇ ਸਮੂਹ ਹਿੱਸੇਦਾਰਾਂ ਆਦਿ ਵੱਲੋਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਗਈ।

- **ਜਥੇਦਾਰ ਮਹਿੰਦਰ ਸਿੰਘ ਹੁਸੈਨਪੁਰ, ਲਲਿਤ ਮੋਹਨ ਪਾਠਕ ਸਮੇਤ ਕਈ ਆਗੂ ਪੁੱਜੇ**



ਇਸ ਸਮਾਗਮ ਵਿਚ ਡਾ. ਸੁਖਵਿੰਦਰ ਕੁਮਾਰ ਸੁੱਖੀ, ਐਮ.ਐਲ.ਏ. ਅਤੇ ਸ੍ਰੀ ਲਲਿਤ ਮੋਹਨ ਪਾਠਕ, ਸੀਨੀਅਰ ਆਗੂ (ਆਮ ਆਦਮੀ ਪਾਰਟੀ ਨਵਾਂਸ਼ਹਿਰ) ਉੱਚੇਚੇ ਤੌਰ ਤੇ ਸ਼ਾਮਲ ਹੋਏ। ਇਸ ਆਮ ਇਜਲਾਸ ਵਿਚ ਪਹੁੰਚੇ ਮਿੱਲ ਦੇ ਹਿੱਸੇਦਾਰਾਂ ਅਤੇ ਪ੍ਰਸ਼ਾਸ਼ਨਿਕ ਅਧਿਕਾਰੀਆਂ ਨੂੰ ਮਿੱਲ ਦੇ ਜਨਰਲ ਮੈਨੇਜਰ ਸ੍ਰੀ ਸੁਖਵਿੰਦਰ ਸਿੰਘ ਤੂਰ ਅਤੇ ਸਮੂਹ ਬੋਰਡ ਆਫ ਡਾਇਰੈਕਟਰਜ਼ ਦੇ ਮੈਂਬਰਾਂ ਵੱਲੋਂ 'ਜੀ ਆਇਆਂ' ਆਖਿਆ ਗਿਆ ਅਤੇ ਮਿੱਲ ਦੀਆਂ ਗਤੀਵਿਧੀਆਂ ਸਬੰਧੀ ਜਾਣਕਾਰੀ ਦਿੱਤੀ ਗਈ ਅਤੇ ਆਮ ਇਜਲਾਸ ਦੇ ਅਜੰਡੇ ਪੜ ਕੇ ਸੁਣਾਏ ਗਏ, ਜਿਨ੍ਹਾਂ ਵਿਚ ਸਮੂਹ ਮੈਂਬਰਾਂ ਵੱਲੋਂ ਪਿਛਲੇ ਸਾਲ ਦੇ ਆਮ ਇਜਲਾਸ ਦੀ ਪੁਸ਼ਟੀ, ਸਾਲ 2025-26 ਦੀ ਬੈਲੇਂਸਸ਼ੀਟ ਅਤੇ ਲਾਭ ਹਾਨੀ ਚਿੱਠਿਆਂ, ਪਿੜਾਈ ਸੀਜਨ 2025-26 ਦੀ ਕਾਰਗੁਜਾਰੀ ਰਿਪੋਰਟ, ਆਦਿ ਮਤਿਆਂ ਨੂੰ ਸਰਬਸੰਮਤੀ ਨਾਲ ਆਮ ਸਹਿਮਤੀ ਦਿੱਤੀ ਗਈ।

ਇਸ ਸਮਾਗਮ ਵਿਚ ਡਾ. ਅਸ਼ਵਿੰਦਰ ਕੁਮਾਰ, ਸਹਾਇਕ ਗੰਨਾ ਵਿਕਾਸ ਅਫਸਰ, ਨਵਾਂਸ਼ਹਿਰ ਵੱਲੋਂ ਗੰਨੇ ਦੀ ਫਸਲ ਦੀਆਂ ਨਵੀਆਂ ਕਿਸਮਾਂ, ਬਿਜਾਈ ਤਕਨੀਕਾਂ ਅਤੇ ਬਿਮਾਰੀਆਂ ਸਬੰਧੀ ਅਹਿਮ ਜਾਣਕਾਰੀ ਗੰਨਾ ਕਾਸ਼ਤਕਾਰਾਂ ਨੂੰ ਪ੍ਰਦਾਨ ਕੀਤੀ ਗਈ ਅਤੇ ਸ੍ਰੀ ਸੁਰਜੀਤ ਸਿੰਘ ਰਾਏ ਵੱਲੋਂ ਆਰਗੈਨਿਕ ਫਾਰਮਿੰਗ ਸਬੰਧੀ ਜ਼ਿਮੀਂਦਾਰਾਂ ਨੂੰ ਜਾਣੂੰ ਕਰਵਾਇਆ ਗਿਆ। ਇਸ ਮੌਕੇ ਤੇ ਮਿੱਲ ਦੇ ਬੋਰਡ ਆਫ ਡਾਇਰੈਕਟਰਜ ਮੈਂਬਰ ਸ੍ਰੀ ਸੋਹਣ ਸਿੰਘ ਉੱਪਲ, ਸ੍ਰੀ ਹਰੀਪਾਲ ਸਿੰਘ ਜਾਡਲੀ, ਸ੍ਰੀ ਸਰਤਾਜ ਸਿੰਘ, ਸ੍ਰੀ ਚਰਨਜੀਤ ਸਿੰਘ, ਸ੍ਰੀ ਗੁਰਸੇਵਕ ਸਿੰਘ ਲਿੱਧੜ, ਸ੍ਰੀ ਕਸ਼ਮੀਰ ਸਿੰਘ, ਸ੍ਰੀ ਜਗਤਾਰ ਸਿੰਘ, ਸ੍ਰੀ ਮਹਿੰਦਰ ਸਿੰਘ, ਬੀਬੀ ਸੁਰਿੰਦਰ ਕੌਰ ਹਾਜਰ ਸਨ। ਇਸ ਮੌਕੇ ਤੇ ਸ੍ਰੀ ਮਹਿੰਦਰ ਸਿੰਘ ਹੁਸੈਨਪੁਰੀ, ਸ੍ਰੀ ਕੁਲਦੀਪ ਸਿੰਘ ਬਜੀਦਪੁਰ, ਸ੍ਰੀ ਕੁਲਦੀਪ ਸਿੰਘ ਦਿਆਲਾ, ਸ੍ਰੀ ਗੁਰਤੇਜ ਸਿੰਘ ਥਿੰਦ, ਕਿਸਾਨ ਆਗੂ , ਚੌਧਰੀ ਹਰਬੰਸ ਲਾਲ, ਸਾਬਕਾ ਚੇਅਰਮੈਨ (ਸ਼ੂਗਰ ਮਿੱਲ) ਸ੍ਰੀ ਗੁਰਵਿੰਦਰ ਸਿੰਘ(ਆਗੂ ਕਿਸਾਨ ਗੰਨਾ ਸੰਘਰਸ਼ ਕਮੇਟੀ) ਆਦਿ ਬੁਲਾਰਿਆਂ ਵੱਲੋਂ ਹਾਜਰ ਹਿੱਸੇਦਾਰਾਂ ਨਾਲ ਵਿਚਾਰ ਸਾਂਝੇ ਕੀਤੇ ਗਏ।

ਇਸ ਸਮਾਗਮ ਦੌਰਾਨ ਸ੍ਰੀ ਲਲਿਤ ਮੋਹਨ ਪਾਠਕ, ਸੀਨੀਅਰ ਆਗੂ (ਆਮ ਆਦਮੀ ਪਾਰਟੀ) ਵੱਲੋਂ ਮਿੱਲ ਨਾਲ ਸਬੰਧਤ ਗੰਨਾ ਕਾਸ਼ਤਕਾਰਾਂ ਦੀਆਂ ਹਰ ਤਰ੍ਹਾ ਦੀਆਂ ਸਮੱਸਿਆਵਾਂ ਨੂੰ ਸੁਣਿਆ ਅਤੇ ਸਰਕਾਰ ਪੱਧਰ ਤੇ ਇਨ੍ਹਾ ਦਾ ਹੱਲ ਕਰਨ ਦਾ ਭਰੋਸਾ ਦਿਵਾਇਆ ਗਿਆ। ਸਮਾਗਮ ਦੇ ਅੰਤ ਵਿੱਚ ਸ੍ਰੀ ਚਰਨਜੀਤ ਸਿੰਘ, ਡਾਇਰੈਕਟਰ ਵੱਲੋਂ ਹਾਜ਼ਰ ਹੋਏ ਸਮੂਹ ਹਿੱਸੇਦਾਰਾਂ, ਜਿਮੀਦਾਰਾ ਅਤੇ ਬਾਹਰੋਂ ਆਏ ਪੰਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਮਾਨਯੋਗ ਪ੍ਰਬੰਧ ਨਿਰਦੇਸ਼ਕ ਸ਼ੂਗਰਫੈਡ ਪੰਜਾਬ ਦੇ ਨੁਮਾਇੰਦੇ ਵਜੋਂ ਸ੍ਰੀ ਗੁਰਵਿੰਦਰ ਸਿੰਘ ਜਨਰਲ ਮੈਨੇਜਰ, ਸਹਿਕਾਰੀ ਖੰਡ ਮਿੱਲ ਬੁੱਢੇਵਾਲ ਅੰਜੂ ਬਾਲਾ, ਉਪ ਰਜਿਸਟਰਾਰ ਸਹਿਕਾਰੀ ਸਭਾਵਾਂ, ਸ਼.ਭ.ਸ. ਨਗਰ, ਸ੍ਰੀ ਹਰਪ੍ਰੀਤ ਸਿੰਘ, ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਨਵਾਂਸ਼ਹਿਰ, ਸ੍ਰੀ ਜੋਗਿੰਦਰਪਾਲ, ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਬਲਾਚੌਰ ਅਤੇ ਸ੍ਰੀ ਨਰਿੰਦਰ ਸਿੰਘ, ਆਡਿਟ ਅਫ਼ਸਰ, ਸ੍ਰੀ ਰਵਿੰਦਰ ਬੀਕਾ, ਆਡਿਟ ਵਿਭਾਗ ਨਵਾਂਸ਼ਹਿਰ ਹਾਜ਼ਰ ਹੋਏ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸ੍ਰੀ ਮਹਿੰਦਰ ਸਿੰਘ ਤੂਰ, ਸ੍ਰੀ ਸੰਦੀਪ ਸਿੰਘ ਭੰਗਲਾ, ਸ੍ਰੀ ਅਵਤਾਰ ਸਿੰਘ ਸਾਧੜਾ, ਸ੍ਰੀ ਜਸਵੀਰ ਸਿੰਘ, ਮੁੱਖ ਇੰਜੀਨੀਅਰ, ਸ੍ਰੀ ਜੀ.ਸੀ.ਯਾਦਵ, ਮੁੱਖ ਗੰਨਾ ਵਿਕਾਸ ਅਫਸਰ, ਸ੍ਰੀ ਐਮ ਸਿੰਘ, ਮੁੱਖ ਰਸਾਇਣਕਾਰ, ਸ਼੍ਰੀ ਸ਼ਾਮ ਸੁੰਦਰ, ਕਿਰਤ ਭਲਾਈ ਅਫਸਰ, ਮਿਸ. ਸੋਨੂੰ ਰਾਣੀ, ਸਹਾਇਕ ਲੇਖਾ ਅਫਸਰ, ਸ੍ਰੀ ਅੰਕੁਸ਼ ਕੁਮਾਰ, ਸਹਾਇਕ ਗੰਨਾ ਵਿਕਾਸ ਅਫਸਰ, ਸ੍ਰੀ ਮੇਹਰਦਾਸ, ਗੰਨਾ ਇੰਸਪੈਕਟਰ, ਸ਼੍ਰੀ ਦਲਜੀਤ ਸਿੰਘ (ਅਗਾਂਹਵਧੂ ਗੰਨਾ ਕਾਸ਼ਤਕਾਰ) ਆਦਿ ਹਾਜਰ ਸਨ। ਸਟੇਜ਼ ਦਾ ਸੰਚਾਲਨ ਮਾਸਟਰ ਬਖਸ਼ੀਸ਼ ਸਿੰਘ ਸੈਂਭੀ ਵੱਲੋਂ ਕੀਤਾ ਗਿਆ। ਇਸ ਆਮ ਇਜਲਾਸ ਵਿਚ ਮਿੱਲ ਦੀ ਟਿਸ਼ੂ ਕਲਚਰ ਲੈਬ, ਮੈਸ. ਐਫ਼ ਐਮ ਸੀ, ਮੈਸ. ਕੁਬੋਟਾ ਟਰੈਕਟਰ, ਮੈਸ, ਜੌਹਨਡੀਅਰ ਟਰੈਕਟਰ, ਮੈਸ. ਮੈਸੀ ਟਰੈਕਟਰ ਨਵਾਂਸ਼ਹਿਰ, ਆਦਿ ਵੱਲੋਂ ਪ੍ਰਦਰਸ਼ਨੀ ਦਾ ਵੀ ਆਯੋਜਨ ਕੀਤਾ ਗਿਆ।

ਨਸ਼ਾ ਪੀੜ੍ਹਤਾਂ ਦਾ ਸਹਿਯੋਗ ਦਿਓ, ਭਾਰਤ ਨਸ਼ਾ ਮੁਕਤ ਹੋ ਜਾਵੇਗਾ : ਸ. ਚਮਨ ਸਿੰਘ (ਪ੍ਰੋਜੈਕਟ ਡਾਇਰੈਕਟਰ)

ਪੈ.ਗਾਮ-ਏ-ਜਗਤ ਨਵਾਂਸ਼ਹਿਰ (ਦੇਸ ਰਾਜ ਬਾਲੀ)

ਰੈੱਡ ਕਰਾਸ ਨਸ਼ਾ ਪੀੜ੍ਹਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਨਵਾਂਸ਼ਹਿਰ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ, ਪਿੰਡ ਹੱਪੋਵਾਲ (ਬੰਗਾ) ਵਿਖੇ 'ਨਸ਼ਾ ਮੁਕਤ ਭਾਰਤ ਅਭਿਆਨ' ਤਹਿਤ ਨਸ਼ਾ ਵਿਰੋਧੀ ਜਾਗਰੂਕਤਾ ਕੈਂਪ ਲਗਾਇਆ ਗਿਆ । ਇਸ ਕੈਂਪ ਦੀ ਪ੍ਰਧਾਨਗੀ ਸ਼੍ਰੀਮਤੀ ਸੰਤੋਸ਼ ਬੀਬਾ (ਮੁੱਖ ਅਧਿਆਪਕਾ) ਨੇ ਕੀਤੀ।



ਇਸ ਮੌਕੇ ਤੇ ਚਮਨ ਸਿੰਘ (ਪ੍ਰੋਜੈਕਟ ਡਾਇਰੈਕਟਰ) ਨੇ ਵਿਦਿਆਰਥੀਆਂ ਅਤੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਵੀ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਉਂਨਾਂ ਨੌਜਵਾਨਾਂ ਦੇ ਜੀਵਨ ਨੂੰ ਬਚਾਉਣ ਦਾ ਯਤਨ ਕਰਦੇ ਹਨ, ਜੋ ਨਸ਼ੇ ਦੇ ਆਦੀ ਹੋ ਜਾਦੇਂ ਹਨ। ਉਨਾਂ ਨੇ ਦੱਸਿਆ ਕਿ ਸਾਰੇ ਨਸ਼ੇ ਮਨੁੱਖ ਲਈ ਘਾਤਕ ਹਨ। ਉਨਾ ਨੇ ਦੱਸਿਆ ਕਿ ਭਾਰਤ ਨਸ਼ਾ ਮੁਕਤ ਕਰਨ ਲਈ ਸਾਨੂੰ ਨਸ਼ਾ ਪੀੜ੍ਹਤਾਂ ਦਾ ਸਹਿਯੋਗ ਕਰਨਾ ਜਰੂਰੀ ਹੈ। ਇਸ ਮੌਕੇ ਤੇ ਉਨਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਜਦੋਂ ਬੱਚੇ ਨਸ਼ਾ ਕਰਨ ਦੀ ਸ਼ੁਰੂਆਤ ਕਰਦੇ ਹਨ, ਤਾਂ ਪਹਿਲੇ ਇੱਕ ਜਾ ਡੇਢ ਸਾਲ ਉਨਾਂ ਦਾ ਪਤਾ ਨਹੀਂ ਲਗਦਾ ਅਤੇ ਹੌਲੀ ਹੌਲੀ ਨੌਜਵਾਨ ਵੱਡੇ ਨਸ਼ਿਆ ਦੀ ਦਲਦਲ ਵਿੱਚ ਫਸ ਜਾਦੇ ਹਨ, ਅਤੇ ਬਾਅਦ ਵਿੱਚ ਨਸ਼ੇ ਦੀ ਦਲਦਲ ਵਿੱਚੋਂ ਨਿਕਲਣਾ ਔਖਾ ਹੋ ਜਾਦਾਂ ਹੈ। ਉਨਾ ਨੇ ਨਸ਼ੇ ਦੀ ਵਰਤੋਂ ਕਰਨ ਨਾਲ ਹੋਣ ਵਾਲੀਆਂ ਬੀਮਾਰੀਆਂ ਬਾਰੇ ਵੀ ਵਿਸਥਾਪੂਰਵਕ ਦੱਸਿਆ। ਇਸ ਮੌਕੇ ਤੇ ਸ਼੍ਰੀਮਤੀ ਪਰਵੇਸ਼ ਕੁਮਾਰ (ਪੀਆਰ ਐਜੂਕੇਟਰ) ਨੇ ਸੈਂਟਰ ਦੀਆਂ ਗਤੀਵਿਧੀਆਂ ਅਤੇ ਮਰੀਜਾਂ ਦੇ ਮੁਫਤ ਇਲਾਜ ਬਾਰੇ ਜਾਣਕਾਰੀ ਸਾਂਝੀ ਕੀਤੀ ਕਿ ਕੋਈ ਵੀ ਨਸ਼ੇ ਦਾ ਆਦੀ ਵਿਅਕਤੀ ਆਪਣੀ ਇੱਛਾ ਅਨੁਸਾਰ ਕੇਂਦਰ ਇੱਕ ਮਹੀਨਾ ਦਾਖਿਲ ਰਹਿ ਕੇ ਮੁਫਤ ਇਲਾਜ ਕਰਵਾ ਸਕਦਾ ਹੈ, ਕਿਉਕਿ ਨਸ਼ਾ ਘਰ ਰਹਿ ਕੇ ਨਹੀਂ ਛੱਡਿਆ ਜਾ ਸਕਦਾ, ਨਸ਼ੇ ਨੂੰ ਛੱਡਣ ਲਈ ਮਨੋਰੋਗਾਂ ਦੇ ਡਾਕਟਰ ਅਤੇ ਨਸ਼ੇ ਛੁਡਾਓ ਕੇਂਦਰਾਂ ਤੱਕ ਪਹੁੰਚ ਕਰਨੀ ਜਰੂਰੀ ਹੈ। ਇਸ ਮੌਕੇ ਤੇ ਸ਼?ਰੀਮਤੀ ਸੰਤੋਸ਼ ਬੀਬਾ, ਮੁੱਖ ਅਧਿਆਪਕਾ ਨੇ ਆਈ ਹੋਈ ਰੈੱਡ ਕਰਾਸ ਟੀਮ ਦਾ ਧੰਨਵਾਦ ਕੀਤਾ ।

ਮੌਕੇ ਤੇ ਰਾਜ ਕੁਮਾਰ(ਪੰਚ), ਗੁਰਮੁਖ ਸਿੰਘ, (ਪੰਚ), ਰਾਜਵੰਤ ਕੌਰ(ਆਸ਼ਾ ਵਰਕਰ), ਬਲਜਿੰਦਰ ਕੌਰ(ਆਸ਼ਾ ਵਰਕਰ), ਨਿਰਮਲਾ ਦੇਵੀ (ਹੈਲਪਰ)ਅਤੇ ਵਿਦਿਆਰਥੀ ਹਾਜਿਰ ਸਨ।

ਵਿਧਾਇਕ ਇਸ਼ਾਂਕ ਕੁਮਾਰ ਨੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਲਾਭਪਾਤਰੀਆਂ ਨੂੰ ਕਾਰਡ ਸੌਂਪੇ

ਪੈ.ਗਾਮ-ਏ-ਜਗਤ ਹੁਸ਼ਿਆਰਪੁਰ/ਦਲਜੀਤ ਅਜਨੋਹਾ

- **ਪੰਜਾਬ 'ਚ 1.27 ਕਰੋੜ ਤੋਂ ਵੱਧ ਸਿਹਤ ਕਾਰਡ ਰਜਿਸਟਰਡ : ਡਾ. ਇਸ਼ਾਂਕ ਕੁਮਾਰ**



ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਕਾਰਡ ਲਾਭਪਾਤਰੀਆਂ ਨੂੰ ਸੌਂਪਦਿਆਂ ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਇਸ ਸਕੀਮ ਨੇ ਲਾਭਪਾਤਰੀ ਪਰਿਵਾਰਾਂ ਨੂੰ ਇਲਾਜ ਦੇ ਵਿੱਤੀ ਬੋਝ ਤੋਂ ਵੱਡੀ ਰਾਹਤ ਦਿੱਤੀ ਹੈ ਜਿਸ ਤਹਿਤ ਸਾਲਾਨਾ 10 ਲੱਖ ਰੁਪਏ ਤੱਕ ਦੇ ਕੈਸ਼ਲੈਸ ਇਲਾਜ ਦੀ ਸਹੂਲਤ ਮਿਲੇਗੀ।

ਡਾ. ਇਸ਼ਾਂਕ ਕੁਮਾਰ ਨੇ ਚੱਬੇਵਾਲ ਅਤੇ ਪਿੰਡ ਭਾਮ ਵਿਖੇ ਅੱਜ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਯੋਗ ਲਾਭਪਾਤਰੀਆਂ ਨੂੰ ਸਿਹਤ ਕਾਰਡ ਸੌਂਪਣ ਸਮੇਂ ਕਿਹਾ ਕਿ ਪੰਜਾਬ ਸਰਕਾਰ ਦੀ ਇਸ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ ਤੋਂ ਹੁਣ ਤੱਕ ਸੂਬੇ ਵਿਚ 1.27 ਕਰੋੜ ਤੋਂ ਵੱਧ ਸਿਹਤ ਕਾਰਡ ਰਜਿਸਟਰਡ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਰਾਹੀਂ ਲਗਭਗ 54.06 ਲੱਖ ਪਰਿਵਾਰ ਕਵਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਯੋਗ ਪਰਿਵਾਰਾਂ ਨੂੰ ਪੰਜਾਬ ਭਰ ਦੇ ਸਰਕਾਰੀ ਅਤੇ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿੱਚ ਪ੍ਰਤੀ ਸਾਲ 10 ਲੱਖ ਰੁਪਏ ਤੱਕ ਦਾ ਯੂਨੀਵਰਸਲ ਕੈਸ਼ਲੈੱਸ ਸਿਹਤ ਕਵਰ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 17 ਸਤੰਬਰ 2026 ਤੱਕ ਕੁੱਲ 3,53,397 ਲਾਭਪਾਤਰੀਆਂ ਵੱਲੋਂ ਕੈਸ਼ਲੈੱਸ ਇਲਾਜ ਦੀ ਸਹੂਲਤ ਲਈ ਜਾ ਚੁੱਕੀ ਹੈ, ਜਿਸ ਤਹਿਤ 7,20,301 ਇਲਾਜ ਦੇ ਕੇਸ ਦਰਜ ਕੀਤੇ ਗਏ ਹਨ।

ਡਾ. ਇਸ਼ਾਂਕ ਕੁਮਾਰ ਨੇ ਦੱਸਿਆ ਕਿ ਯੋਜਨਾ ਤਹਿਤ ਹੁਣ ਤੱਕ ਮੁਹੱਈਆ ਕਰਵਾਏ ਗਏ ਇਲਾਜ ਦੀ ਕੁੱਲ ਰਕਮ 1,300.14 ਕਰੋੜ ਰੁਪਏ ਤੱਕ ਪਹੁੰਚ ਗਈ ਹੈ, ਜੋ ਸੂਬੇ ਭਰ ਦੇ ਪਰਿਵਾਰਾਂ ਨੂੰ ਦਿੱਤੀ ਜਾ ਰਹੀ ਸਿਹਤ ਸਹਾਇਤਾ ਦੇ ਵਿਆਪਕ ਪੱਧਰ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸਿਹਤ ਯੋਜਨਾ ਬੀਮਾ ਤਹਿਤ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਗਈ ਹੈ, ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਸਿਹਤ ਸੇਵਾਵਾਂ ਤੱਕ ਪਹੁੰਚ ਮਿਲ ਸਕੇ ਅਤੇ ਮੈਡੀਕਲ ਐਮਰਜੈਂਸੀ ਜਾਂ ਵੱਡੇ ਇਲਾਜ ਦੌਰਾਨ ਪਰਿਵਾਰਾਂ 'ਤੇ ਪੈਣ ਵਾਲੇ ਵਿੱਤੀ ਬੋਝ ਨੂੰ ਘਟਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ 909 ਸੂਚੀਬੱਧ ਹਸਪਤਾਲਾਂ ਵਿੱਚ 2356 ਇਲਾਜ ਪੈਕੇਜ ਕਵਰ ਕੀਤੇ ਜਾ ਰਹੇ ਹਨ, ਜਿਨ੍ਹਾਂ ਵਿੱਚ 684 ਪ੍ਰਾਈਵੇਟ ਅਤੇ 225 ਸਰਕਾਰੀ ਹਸਪਤਾਲ ਸ਼ਾਮਲ ਹਨ।

ਲਾਭਪਾਤਰੀਆਂ ਨੂੰ ਸਕੀਮ ਬਾਰੇ ਦੱਸਦਿਆਂ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਲਾਭਪਾਤਰੀ ਪੰਜਾਬ ਭਰ ਦੇ ਸਰਕਾਰੀ ਅਤੇ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿੱਚ ਕੈਸ਼ਲੈੱਸ ਇਲਾਜ ਦੀ ਸਹੂਲਤ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਯੋਗ ਵਸਨੀਕਾਂ, ਜਿਨ੍ਹਾਂ ਨੇ ਅਜੇ ਤੱਕ ਇਸ ਯੋਜਨਾ ਤਹਿਤ ਰਜਿਸਟ੍ਰੇਸ਼ਨ ਨਹੀਂ ਕਰਵਾਈ, ਨੂੰ ਅਪੀਲ ਕੀਤੀ ਕਿ ਉਹ ਜਲਦ ਤੋਂ ਜਲਦ ਆਪਣੀ ਰਜਿਸਟ੍ਰੇਸ਼ਨ ਮੁਕੰਮਲ ਕਰਵਾ ਕੇ ਉਪਲਬਧ ਸਿਹਤ ਸਹੂਲਤਾਂ ਦਾ ਲਾਭ ਲੈਣ। ਵਿਧਾਇਕ ਨੇ ਦੱਸਿਆ ਕਿ ਰਜਿਸਟ੍ਰੇਸ਼ਨ ਲਈ ਕਿਸੇ ਵੀ ਅਪਾਇੰਟਮੈਂਟ ਦੀ ਲੋੜ ਨਹੀਂ ਹੈ ਅਤੇ ਯੋਗ ਵਿਅਕਤੀ ਕਾਮਨ ਸਰਵਿਸ ਸੈਂਟਰਾਂ, ਸੇਵਾ ਕੇਂਦਰਾਂ ਅਤੇ ਸਬੰਧਤ ਜ਼ਿਲ੍ਹਿਆਂ ਵਿੱਚ ਲਗਾਏ ਜਾ ਰਹੇ ਸਰਕਾਰੀ ਰਜਿਸਟ੍ਰੇਸ਼ਨ ਕੈਂਪਾਂ ਰਾਹੀਂ ਆਪਣਾ ਨਾਮ ਦਰਜ ਕਰਵਾ ਸਕਦੇ ਹਨ। ਰਜਿਸਟ੍ਰੇਸ਼ਨ ਲਈ ਬਿਨੈਕਾਰਾਂ ਨੂੰ ਆਪਣਾ ਆਧਾਰ ਕਾਰਡ ਅਤੇ ਵੋਟਰ ਆਈ.ਡੀ. ਕਾਰਡ ਨਾਲ ਲੈ ਕੇ ਜਾਣਾ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਯੋਜਨਾ ਪਰਿਵਾਰਾਂ ਨੂੰ ਵੱਡੇ ਮੈਡੀਕਲ ਇਲਾਜ ਨਾਲ ਜੁੜੇ ਵਿੱਤੀ ਬੋਝ ਤੋਂ ਨਿਜ਼ਾਤ ਦਿਵਾਏਗੀ ਅਤੇ ਮਿਆਰੀ ਸਿਹਤ ਸੇਵਾਵਾਂ ਲੈਣ ਵਿਚ ਅਹਿਮ ਭੂਮਿਕਾ ਨਿਭਾ ਰਹੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਯੋਜਨਾ ਦਾ ਵੱਧ ਤੋਂ ਵੱਧ ਲਾਭ ਉਠਾਉਣ।

ਸਫਾਈ ਅਤੇ ਸੀਵਰੇਜ਼ ਕਰਮਚਾਰੀਆਂ ਦੇ ਹੱਕ ਵਿੱਚ ਮਤਾ ਪਾਸ ਕਰਨ 'ਤੇ ਯੂਨੀਅਨ ਨੇ ਵਿਧਾਇਕ ਜਿੰਪਾ, ਮੇਅਰ ਅਤੇ ਕਮਿਸ਼ਨਰ ਦਾ ਜਤਾਇਆ ਧੰਨਵਾਦ

ਪੈ.ਗਾਮ-ਏ-ਜਗਤ ਹੁਸ਼ਿਆਰਪੁਰ/ਦਲਜੀਤ ਅਜਨੋਹਾ



ਸਫਾਈ ਕਰਮਚਾਰੀ ਯੂਨੀਅਨ ਨੇ ਉਪ ਪ੍ਰਧਾਨ ਸੋਮਨਾਥ ਆਦੀਆ ਦੀ ਅਗਵਾਈ ਵਿੱਚ ਵਿਧਾਇਕ ਬ੍ਰਹਮਸ਼ੰਕਰ ਜਿੰਪਾ, ਮੇਅਰ ਪਰਵੀਨ ਸੈਣੀ, ਨਿਗਮ ਕਮਿਸ਼ਨਰ ਜੋਤੀ ਬਾਲਾ ਮੱਟੂ ਅਤੇ ਸਮੂਹ ਨਿਗਮ ਸਟਾਫ ਅਤੇ ਕੌਂਸਲਰਾਂ ਦਾ ਸਫਾਈ ਅਤੇ ਸੀਵਰੇਜ ਕਰਮਚਾਰੀਆਂ ਨੂੰ ਇਨਸੋਰਸ ਕਰਨ ਅਤੇ ਉਨ੍ਹਾਂ ਦੀ ਤਨਖਾਹ ਵਧਾਏ ਜਾਣ ਸਬੰਧੀ ਮਤਾ ਪਾਸ ਕਰਨ 'ਤੇ ਸਾਰਿਆਂ ਦਾ ਸਨਮਾਨ ਕੀਤਾ। ਇਸ ਮੌਕੇ ਵਿਧਾਇਕ ਜਿੰਪਾ ਨੇ ਕਿਹਾ ਕਿ ਉਹ ਸ਼ੁਰੂ ਤੋਂ ਹੀ ਕਰਮਚਾਰੀਆਂ ਦੇ ਹੱਕ ਅਤੇ ਪੱਖ ਵਿੱਚ ਆਵਾਜ਼ ਉਠਾਉਂਦੇ ਰਹੇ ਹਨ ਅਤੇ ਇਹ ਪਹਿਲੀ ਸਰਕਾਰ ਹੈ ਜਿਸ ਨੇ ਆਊਟਸੋਰਸ ਮੁਲਾਜ਼ਮਾਂ ਨੂੰ ਉਨ੍ਹਾਂ ਦਾ ਹੱਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਪ੍ਰਕਿਰਿਆ ਨੂੰ ਸਮਾਂ ਲੱਗਦਾ ਹੈ, ਪਰ ਖ਼ੁਸ਼ੀ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕਰਮਚਾਰੀਆਂ ਦੇ ਪੱਖ ਵਿੱਚ ਫੈਸਲਾ ਲੈ ਕੇ ਉਨ੍ਹਾਂ ਨੂੰ ਵੱਡੀ ਰਾਹਤ ਪ੍ਰਦਾਨ ਕੀਤੀ ਹੈ। ਇਸ ਮੌਕੇ ਉਪ ਪ੍ਰਧਾਨ ਸੋਮਨਾਥ ਆਦੀਆ ਨੇ ਸਰਕਾਰ ਅਤੇ ਵਿਧਾਇਕ ਜਿੰਪਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਸਰਕਾਰ ਨੇ ਉਨ੍ਹਾਂ ਦੀਆਂ ਚਿਰਲੰਬਿਤ ਮੰਗਾਂ ਨੂੰ ਮੰਨ ਕੇ ਕਰਮਚਾਰੀ ਵਰਗ ਨੂੰ ਇਨਸਾਫ ਦਿੱਤਾ ਹੈ। ਉਨ੍ਹਾਂ ਕਿਹਾ ਕਿ ਨਿਗਮ ਕਮਿਸ਼ਨਰ ਜੋਤੀ ਬਾਲਾ ਮੱਟੂ ਨੇ ਵੀ ਕਰਮਚਾਰੀਆਂ ਦੇ ਪੱਖ ਵਿੱਚ ਕਾਫੀ ਯਤਨ ਕੀਤੇ ਅਤੇ ਸਰਕਾਰ ਨੂੰ ਅਜਿਹਾ ਮਹੱਤਵਪੂਰਨ ਫੈਸਲਾ ਲੈਣਾ ਪਿਆ। ਜਿਸ ਲਈ ਉਹ ਸਮੂਹ ਯੂਨੀਅਨ ਵੱਲੋਂ ਸਰਕਾਰ, ਵਿਧਾਇਕ ਜਿੰਪਾ, ਮੇਅਰ ਪਰਵੀਨ ਸੈਣੀ, ਕਮਿਸ਼ਨਰ ਜੋਤੀ ਬਾਲਾ ਮੱਟੂ, ਸਮੂਹ ਕੌਂਸਲਰਾਂ ਅਤੇ ਹੋਰ ਸਟਾਫ ਦਾ ਧੰਨਵਾਦ ਕਰਦੇ ਹਨ।

ਇਸ ਮੌਕੇ ਵਿਕਰਮਜੀਤ, ਜੈ ਗੋਪਾਲ, ਹੀਰਾ ਲਾਲ, ਬਲਰਾਮ ਭੱਟੀ, ਅਸ਼ੋਕ ਕੁਮਾਰ, ਜੋਗਿੰਦਰ ਆਦੀਆ, ਆਸ਼ੂ, ਗੋਪਾਲ ਹੰਸ, ਰਮਨ ਸ਼ਰਮਾ, ਰਵੀ, ਪਵਨ ਕੁਮਾਰ, ਸੁਭਾਸ਼ ਚੰਦਰ, ਦੇਵ ਕੁਮਾਰ, ਆਸ਼ੂ ਬੱਤਰਾ, ਰਣਜੀਤ, ਜੋਗਿੰਦਰਪਾਲ ਬੰਟੀ ਭੱਟੀ, ਕਮਲ, ਰਾਹੁਲ, ਗੌਰਵ, ਨਿਹਾਲ, ਸੁਨੀਤਾ, ਸੁਮਨ, ਸਪਨਾ, ਤ੍ਰਿਪਤਾ, ਸੈਣੀ ਆਦਿ ਸਮੇਤ ਵੱਡੀ ਗਿਣਤੀ ਵਿੱਚ ਕਰਮਚਾਰੀ ਮੌਜੂਦ ਸਨ।

ਰਾਜ ਰਾਣੀ ਦੀਵਾਨ ਨੂੰ ਭਾਵਭਿੰਨੀ ਸ਼ਰਧਾਂਜਲੀ, ਤੇਹਰਵੀਂ 27 ਸਤੰਬਰ ਨੂੰ

ਪੈ.ਗਾਮ-ਏ-ਜਗਤ ਨਵਾਂਸ਼ਹਿਰ (ਦਲਜੀਤ ਅਜਨੋਹਾ)



ਅਰੁਣ ਰਿੰਕੂ ਦੀਵਾਨ ਦੀ ਪੂਜਨੀਕ ਦਾਦੀ ਰਾਜ ਰਾਣੀ ਦੀਵਾਨ ਜੀ ਦਾ 17 ਸਤੰਬਰ ਨੂੰ ਦੇਹਾਂਤ ਹੋ ਗਿਆ। ਉਨ੍ਹਾਂ ਦੇ ਦੇਹਾਂਤ ਨਾਲ ਪਰਿਵਾਰ, ਰਿਸ਼ਤੇਦਾਰਾਂ ਅਤੇ ਜਾਣਕਾਰਾਂ ਵਿੱਚ ਸੋਗ ਦੀ ਲਹਿਰ ਹੈ। ਪਰਿਵਾਰ ਲਈ ਇਹ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਤੇਹਰਵੀਂ ਦੀ ਰਸਮ 27 ਸਤੰਬਰ ਨੂੰ ਦੁਪਹਿਰ 1 ਤੋਂ 2 ਵਜੇ ਤੱਕ ਬਾਬਾ ਬਾਲਕ ਨਾਥ ਮੰਦਰ, ਟੀਚਰ ਕਾਲੋਨੀ ਮੇਨ ਰੋਡ, ਨਵਾਂਸ਼ਹਿਰ ਵਿਖੇ ਆਯੋਜਿਤ ਕੀਤੀ ਜਾਵੇਗੀ।

ਵਿਛੜੀ ਰਾਜ ਰਾਣੀ ਦੀਵਾਨ ਨੂੰ ਸਾਬਕਾ ਵਿਧਾਇਕ ਲਵ ਕੁਮਾਰ ਗੋਲਡੀ, ਆਲ ਇੰਡੀਆ ਜਾਟ ਮਹਾਸਭਾ ਪੰਜਾਬ ਦੇ ਜਨਰਲ ਸਕੱਤਰ ਅਜਾਇਬ ਸਿੰਘ ਬੋਪਾਰਾਏ, ਐਸਜੀਪੀਸੀ ਮੈਂਬਰ ਡਾ. ਜੰਗ ਬਹਾਦਰ ਸਿੰਘ ਰਾਏ, ਆਮ ਆਦਮੀ ਪਾਰਟੀ ਆਗੂ ਲਖਵਿੰਦਰ ਸਿੰਘ ਲੱਖੀ, ਸਾਬਕਾ ਬਲਾਕ ਕਾਂਗਰਸ ਪ੍ਰਧਾਨ ਰੋਹਿਤ ਚੋਪੜਾ, ਪੰਚਾਇਤ ਸੰਮਤੀ ਮੈਂਬਰ ਸਰਵਣ ਕਿਸਾਨਾ, ਸ਼ੂਗਰ ਮਿੱਲ ਨਵਾਂਸ਼ਹਿਰ ਦੇ ਸਾਬਕਾ ਡਾਇਰੈਕਟਰ ਹਰਬੰਸ ਕਿਸਾਨਾ, ਪੰਚਾਇਤ ਸੰਮਤੀ ਮੈਂਬਰ ਕਮਲ ਕਟਾਰੀਆ, ਯੂਥ ਕਾਂਗਰਸ ਬਲਾਕ ਗੜ੍ਹਸ਼ੰਕਰ ਪ੍ਰਧਾਨ ਅਮਰੀਕ ਸਿੰਘ ਲਾਡੀ, ਲਾਡੀ ਨਵਾਂਸ਼ਹਿਰ ਅਤੇ ਚਰਨ ਸਿੰਘ ਬਹਿਰਾਮ ਸਹਿਤ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਖੇਤਰ ਨਾਲ ਜੁੜੇ ਕਈ ਲੋਕਾਂ ਨੇ ਭਾਵਭਿੰਨੀ ਸ਼ਰਧਾਂਜਲੀ ਭੇਟ ਕੀਤੀ। ਸ਼ਰਧਾਂਜਲੀ ਭੇਟ ਕਰਦਿਆਂ ਹਾਜ਼ਰ ਲੋਕਾਂ ਨੇ ਕਿਹਾ ਕਿ ਰਾਜ ਰਾਣੀ ਦੀਵਾਨ ਦਾ ਪਿਆਰ, ਸਰਲ ਸੁਭਾਅ ਅਤੇ ਪਰਿਵਾਰ ਪ੍ਰਤੀ ਸਮਰਪਣ ਸਦਾ ਯਾਦ ਕੀਤਾ ਜਾਵੇਗਾ। ਉਨ੍ਹਾਂ ਦੇ ਜਾਣ ਨਾਲ ਪਰਿਵਾਰ ਨੇ ਆਪਣਾ ਇੱਕ ਮਹੱਤਵਪੂਰਨ ਸਹਾਰਾ ਅਤੇ ਪਿਆਰਾ ਸ਼ਖ਼ਸੀਅਤ ਗੁਆ ਦਿੱਤਾ ਹੈ। ਉਨ੍ਹਾਂ ਦੀਆਂ ਯਾਦਾਂ ਅਤੇ ਉਨ੍ਹਾਂ ਦੇ ਸੰਸਕਾਰ ਪਰਿਵਾਰ ਲਈ ਹਮੇਸ਼ਾ ਪ੍ਰੇਰਨਾ ਦਾ ਸਰੋਤ ਬਣੇ ਰਹਿਣਗੇ।

ਇਸ ਮੌਕੇ 'ਤੇ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ ਗਈ ਅਤੇ ਪਰਮਾਤਮਾ ਤੋਂ ਉਨ੍ਹਾਂ ਨੂੰ ਆਪਣੇ ਸ੍ਰੀਚਰਨਾਂ ਵਿੱਚ ਥਾਂ ਅਤੇ ਮੋਕਸ਼ ਪ੍ਰਦਾਨ ਕਰਨ ਦੀ ਅਰਦਾਸ ਕੀਤੀ ਗਈ। ਨਾਲ ਹੀ ਦੁਖੀ ਪਰਿਵਾਰ ਨੂੰ ਇਸ ਔਖੀ ਅਤੇ ਦੁਖਦਾਈ ਘੜੀ ਵਿੱਚ ਧੀਰਜ, ਹਿੰਮਤ ਅਤੇ ਤਾਕਤ ਪ੍ਰਦਾਨ ਕਰਨ ਦੀ ਕਾਮਨਾ ਕੀਤੀ ਗਈ।

ਰਾਜ ਰਾਣੀ ਦੀਵਾਨ ਜੀ ਨੂੰ ਭਾਵਭਿੰਨੀ ਸ਼ਰਧਾਂਜਲੀ। ਪ੍ਰਮਾਤਮਾ ਵਿਛੜੀ ਆਤਮਾ ਨੂੰ ਆਪਣੇ ਸ੍ਰੀਚਰਨਾਂ ਵਿੱਚ ਥਾਂ ਪ੍ਰਦਾਨ ਕਰੇ ਅਤੇ ਪਰਿਵਾਰ ਨੂੰ ਇਹ ਬੇਅੰਤ ਦੁੱਖ ਸਹਿਣ ਦੀ ਤਾਕਤ ਦੇਵੇ।

ਗ੍ਰਾਮ ਪੰਚਾਇਤ ਕਾਂਗੜ ਵਿੱਚ ਸਿਹਤ ਬਲਾਕ ਹਰੋਲੀ ਅਤੇ ਸੰਸਦ ਮੋਬਾਈਲ ਸਿਹਤ ਸੇਵਾ ਦਾ ਸਿਹਤ ਕੈਂਪ, 80 ਮਰੀਜ਼ਾਂ ਦੀ ਜਾਂਚ; 45 ਦੇ ਹੋਏ ਟੈਸਟ

ਹਰੋਲੀ/ਊਨਾ, 24 ਸਤੰਬਰ (ਪੈ.ਗਾਮ-ਏ-ਜਗਤ)



ਸਿਹਤ ਬਲਾਕ ਹਰੋਲੀ ਅਤੇ ਪ੍ਰਯਾਸ ਸੋਸਾਇਟੀ ਵੱਲੋਂ ਚਲਾਈ ਜਾ ਰਹੀ ਸੰਸਦ ਮੋਬਾਈਲ ਸਿਹਤ ਸੇਵਾ ਦੇ ਸਾਂਝੇ ਯਤਨਾਂ ਨਾਲ ਗ੍ਰਾਮ ਪੰਚਾਇਤ ਕਾਂਗੜ ਵਿੱਚ ਸਿਹਤ ਜਾਂਚ ਕੈਂਪ ਲਗਾਇਆ ਗਿਆ। ਸੰਸਦ ਮੋਬਾਈਲ ਸਿਹਤ ਸੇਵਾ ਰਾਹੀਂ ਪੇਂਡੂ ਖੇਤਰਾਂ ਵਿੱਚ ਲੋਕਾਂ ਨੂੰ ਘਰ-ਦੁਆਰ ਦੇ ਨੇੜੇ ਸਿਹਤ ਸਹੂਲਤਾਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਰਾਜਵੀਰ ਚੋਪੜਾ

ਕੈਂਪ ਵਿੱਚ 80 ਮਰੀਜ਼ਾਂ ਦੀ ਸਿਹਤ ਜਾਂਚ (ਓਪੀਡੀ) ਕੀਤੀ ਗਈ, ਜਦਕਿ 45 ਲੋਕਾਂ ਦੇ ਵੱਖ-ਵੱਖ ਸਿਹਤ ਟੈਸਟ ਕੀਤੇ ਗਏ। ਸਿਹਤ ਟੀਮ ਨੇ ਮਰੀਜ਼ਾਂ ਦੀਆਂ ਸਿਹਤ ਸਮੱਸਿਆਵਾਂ ਸੁਣੀਆਂ, ਲੋੜੀਂਦੀ ਡਾਕਟਰੀ ਸਲਾਹ ਦਿੱਤੀ ਅਤੇ ਲੋੜਵੰਦ ਲੋਕਾਂ ਨੂੰ ਦਵਾਈਆਂ ਵੀ ਉਪਲਬਧ ਕਰਵਾਈਆਂ।

ਪਿੰਡ ਵਾਸੀਆਂ ਨੂੰ ਪਿੰਡ ਵਿੱਚ ਹੀ ਮਿਲ ਰਹੀ ਸਿਹਤ ਸਹੂਲਤ

ਕੈਂਪ ਦੌਰਾਨ ਪਿੰਡ ਵਾਸੀਆਂ ਨੂੰ ਸਿਹਤ ਜਾਂਚ, ਵੱਖ-ਵੱਖ ਟੈਸਟ, ਦਵਾਈਆਂ ਅਤੇ ਡਾਕਟਰੀ ਸਲਾਹ ਦੀ ਸਹੂਲਤ ਉਪਲਬਧ ਹੋਈ। ਸਿਹਤ ਟੀਮ ਨੇ ਲੋਕਾਂ ਨੂੰ ਨਿਯਮਤ ਸਿਹਤ ਜਾਂਚ ਕਰਵਾਉਣ, ਸੰਤੁਲਿਤ ਖ਼ੁਰਾਕ ਲੈਣ ਅਤੇ ਸਿਹਤ ਸੰਬੰਧੀ ਸਮੱਸਿਆ ਹੋਣ 'ਤੇ ਸਮੇਂ ਸਿਰ ਡਾਕਟਰੀ ਸਲਾਹ ਲੈਣ ਲਈ ਜਾਗਰੂਕ ਕੀਤਾ। ਖਾਸ ਤੌਰ 'ਤੇ ਬਜ਼ੁਰਗਾਂ ਅਤੇ ਘਰ-ਗ੍ਰਿਹਸਥੀ ਵਿੱਚ ਰੁੱਝੀਆਂ ਮਹਿਲਾਵਾਂ ਲਈ ਪਿੰਡ ਵਿੱਚ ਹੀ ਸਿਹਤ ਜਾਂਚ ਦੀ ਸਹੂਲਤ ਲਾਭਦਾਇਕ ਰਹੀ।

ਸਿਹਤ ਟੀਮ ਨੇ ਦਿੱਤੀਆਂ ਸੇਵਾਵਾਂ

ਕੈਂਪ ਵਿੱਚ ਡਾ. ਸੁਧੀ ਕੌਸ਼ਲ, ਡਾ. ਪ੍ਰਦੀਪ ਕੁਮਾਰ, ਨਿਹਾਲ ਸਿੰਘ, ਮਨੀਸ਼, ਰੁਚੀ, ਆਸ਼ਾ ਵਰਕਰ, ਆਂਗਣਵਾੜੀ ਵਰਕਰ ਅਤੇ ਸੀਐਚਓ ਅੰਜਲੀ ਚੰਦੇਲ ਨੇ ਆਪਣੀਆਂ ਸੇਵਾਵਾਂ ਪ੍ਰਦਾਨ ਕੀਤੀਆਂ।

ਪਿੰਡ ਵਾਸੀਆਂ ਨੇ ਪਿੰਡ ਵਿੱਚ ਸਿਹਤ ਜਾਂਚ, ਟੈਸਟ, ਦਵਾਈਆਂ ਅਤੇ ਡਾਕਟਰੀ ਸਲਾਹ ਦੀ ਸਹੂਲਤ ਉਪਲਬਧ ਕਰਵਾਉਣ ਲਈ ਸਿਹਤ ਬਲਾਕ ਹਰੋਲੀ, ਸੰਸਦ ਮੋਬਾਈਲ ਸਿਹਤ ਸੇਵਾ, ਪ੍ਰਯਾਸ ਸੋਸਾਇਟੀ ਅਤੇ ਸਿਹਤ ਟੀਮ ਦਾ ਧੰਨਵਾਦ ਕੀਤਾ।

ਸ੍ਰੀ ਰਾਮ ਭਵਨ ਵਿੱਚ ਸੀਐਮਸੀ ਦੇ ਸਹਿਯੋਗ ਨਾਲ ਮੈਡੀਕਲ ਕੈਂਪ ਦਾ ਆਯੋਜਨ, ਕਰੀਬ 125 ਮਰੀਜ਼ਾਂ ਦੀ ਜਾਂਚ

ਪੈ.ਗਾਮ-ਏ-ਜਗਤ ਹੁਸ਼ਿਆਰਪੁਰ (ਦਲਜੀਤ ਅਜਨੋਹਾ)



ਸ੍ਰੀ ਰਾਮ ਚਰਿਤ ਮਾਨਸ ਪ੍ਰਚਾਰ ਮੰਡਲ ਵੱਲੋਂ ਸ੍ਰੀ ਰਾਮ ਭਵਨ ਵਿੱਚ ਸੀਐਮਸੀ ਲੁਧਿਆਣਾ ਦੇ ਸਹਿਯੋਗ ਨਾਲ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਜੋੜਾਂ ਦੇ ਦਰਦ ਅਤੇ ਚਮੜੀ ਰੋਗ ਨਾਲ ਸਬੰਧਤ ਮਾਹਿਰ ਡਾਕਟਰਾਂ ਨੇ ਮਰੀਜ਼ਾਂ ਦੀ ਜਾਂਚ ਕੀਤੀ ਅਤੇ ਉਨ੍ਹਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਕਰੀਬ 125 ਮਰੀਜ਼ਾਂ ਦੀ ਜਾਂਚ ਕੀਤੀ ਗਈ। ਕੈਂਪ ਦਾ ਸ਼ੁਭਾਰੰਭ ਜੋਤੀ ਪ੍ਰਜਵਲਿਤ ਕਰਕੇ ਕੀਤਾ ਗਿਆ। ਇਸ ਮੌਕੇ ਸਮਾਜਿਕ ਜਾਗਰੂਕਤਾ ਲਈ ਕੰਮ ਕਰ ਰਹੇ ਸਾਬਕਾ ਸਿਵਲ ਸਰਜਨ ਡਾ. ਅਜੇ ਬੱਗਾ ਨੇ ਕੈਂਪ ਦੇ ਆਯੋਜਨ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੰਡਲ ਵੱਲੋਂ ਹਰ ਤਿੰਨ ਮਹੀਨੇ ਬਾਅਦ ਲੋਕਾਂ ਨੂੰ ਸਿਹਤ ਲਾਭ ਦੇਣ ਲਈ ਸੀਐਮਸੀ ਦੇ ਸਹਿਯੋਗ ਨਾਲ ਵੱਖ-ਵੱਖ ਬਿਮਾਰੀਆਂ ਨਾਲ ਸਬੰਧਤ ਕੈਂਪ ਲਗਾਏ ਜਾਣਗੇ ਤਾਂ ਜੋ ਆਰਥਿਕ ਤੰਗੀ ਅਤੇ ਹੋਰ ਕਾਰਨਾਂ ਕਰਕੇ ਹਸਪਤਾਲ ਨਾ ਜਾ ਸਕਣ ਵਾਲੇ ਲੋਕ ਇੱਥੇ ਹੀ ਇਲਾਜ ਕਰਵਾ ਸਕਣ। ਇਸ ਮੌਕੇ ਪ੍ਰਬੰਧਕਾਂ ਵੱਲੋਂ ਡਾਕਟਰਾਂ ਦੀ ਟੀਮ ਨੂੰ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਪ੍ਰਧਾਨ ਹਰੀਸ਼ ਸੈਣੀ, ਸੁਰਿੰਦਰ ਕੋਰੀ, ਅਸ਼ਵਨੀ ਚੋਪੜਾ, ਮਹਿੰਦਰਪਾਲ ਗੁਪਤਾ, ਸੁਰਿੰਦਰ ਕੁਮਾਰ ਲੱਕੀ, ਸੁਨੀਲ ਪ੍ਰਿਯ, ਅਸ਼ੋਕ ਸ਼ਰਮਾ, ਜੇਕੇ ਸ਼ਰਮਾ, ਸੋਮਨਾਥ, ਟੀਆਰ ਵਰਮਾ, ਡਾ. ਅਦਿਤੀ ਸ਼ਰਮਾ, ਹਰਪ੍ਰੀਤ ਕੌਰ, ਦਿਨੇਸ਼ ਮਹਿੰਦੀਰੱਤਾ ਸਮੇਤ ਹੋਰ ਪਤਵੰਤੇ ਮੌਜੂਦ ਸਨ।

ਮੰਦਰ ਪਰਿਸਰ ਅਤੇ ਹਾਲ ਦੇ ਨਿਰਮਾਣ ਦੀ ਸ਼ਲਾਘਾ, ਸਵਰਗਵਾਸੀ ਪ੍ਰੋ. ਸਿੰਮੀ ਅਗਨੀਹੋਤਰੀ ਦੀ ਯਾਦ ਵਿੱਚ ਦੰਗਲ ਲਈ ਇੱਕ ਲੱਖ ਰੁਪਏ ਦਿੱਤੇ

ਊਨਾ, 24 ਸਤੰਬਰ (ਪੈ.ਗਾਮ-ਏ-ਜਗਤ)



ਉਪ ਮੁੱਖ ਮੰਤਰੀ ਮੁਕੇਸ਼ ਅਗਨੀਹੋਤਰੀ ਨੇ ਹਰੋਲੀ ਉਪਮੰਡਲ ਦੇ ਲੋਅਰ ਭਦਸਾਲੀ ਸਥਿਤ ਬਾਬਾ ਬੋਦਲ ਸ਼ਾਹ ਮੰਦਰ ਦੇ ਦੰਗਲ ਮੈਦਾਨ ਦੇ ਵਿਕਾਸ ਲਈ 25 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਉਹ ਵੀਰਵਾਰ ਨੂੰ ਬਾਬਾ ਬੋਦਲ ਸ਼ਾਹ ਛਿੰਝ ਮੇਲੇ ਦੇ ਸਮਾਪਤੀ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

ਉਪ ਮੁੱਖ ਮੰਤਰੀ ਨੇ ਬਾਬਾ ਬੋਦਲ ਸ਼ਾਹ ਮੰਦਰ ਦੀ ਇਮਾਰਤ, ਪਰਿਸਰ ਅਤੇ ਹਾਲ ਦੇ ਨਿਰਮਾਣ ਦੀ ਸ਼ਲਾਘਾ ਕੀਤੀ ਅਤੇ ਇਸ ਲਈ ਮੇਲਾ ਕਮੇਟੀ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਮੰਦਰ ਅਤੇ ਮੇਲੇ ਨਾਲ ਜੁੜੇ ਅਜਿਹੇ ਸਮਾਗਮ ਖੇਤਰ ਦੀ ਆਸਥਾ ਅਤੇ ਸਮਾਜਿਕ ਪਰੰਪਰਾਵਾਂ ਨਾਲ ਜੁੜੇ ਹੋਏ ਹਨ। ਬਾਬਾ ਬੋਦਲ ਸ਼ਾਹ ਛਿੰਝ ਮੇਲਾ ਲੰਬੇ ਸਮੇਂ ਤੋਂ ਖੇਤਰ ਦੇ ਲੋਕਾਂ ਲਈ ਆਪਸੀ ਮੇਲ-ਜੋਲ ਦਾ ਮੌਕਾ ਰਿਹਾ ਹੈ। ਉਨ੍ਹਾਂ ਕਿਹਾ ਕਿ ਛਿੰਝ ਅਤੇ ਮੇਲੇ ਨਵੀਂ ਪੀੜ੍ਹੀ ਨੂੰ ਵੀ ਆਪਣੀਆਂ ਲੋਕ ਪਰੰਪਰਾਵਾਂ ਨਾਲ ਜੋੜਦੇ ਹਨ।

ਇਸ ਮੌਕੇ ਉਪ ਮੁੱਖ ਮੰਤਰੀ ਨੇ ਦੰਗਲ ਦੇ ਆਯੋਜਨ ਲਈ ਆਪਣੀ ਧਰਮਪਤਨੀ ਸਵਰਗਵਾਸੀ ਪ੍ਰੋ. ਸਿੰਮੀ ਅਗਨੀਹੋਤਰੀ ਦੀ ਯਾਦ ਵਿੱਚ ਇੱਕ ਲੱਖ ਰੁਪਏ ਦਾ ਚੈੱਕ ਮੇਲਾ ਕਮੇਟੀ ਨੂੰ ਭੇਟ ਕੀਤਾ। ਉਨ੍ਹਾਂ ਨੇ ਮੇਲੇ ਦੇ ਆਯੋਜਨ ਲਈ ਕਮੇਟੀ ਅਤੇ ਸਥਾਨਕ ਲੋਕਾਂ ਨੂੰ ਵਧਾਈ ਦਿੱਤੀ।

ਉਨ੍ਹਾਂ ਕਿਹਾ ਕਿ ਹਰੋਲੀ ਵਿੱਚ ਵਿਕਾਸ ਦਾ ਟੀਚਾ ਅੱਜ ਦੀਆਂ ਲੋੜਾਂ ਪੂਰੀਆਂ ਕਰਨ ਦੇ ਨਾਲ ਆਉਣ ਵਾਲੀ ਪੀੜ੍ਹੀ ਲਈ ਬਿਹਤਰ ਭਵਿੱਖ ਤਿਆਰ ਕਰਨਾ ਹੈ। ਬੱਚਿਆਂ ਅਤੇ ਨੌਜਵਾਨਾਂ ਲਈ ਸਿੱਖਿਆ, ਖੇਡਾਂ ਅਤੇ ਅੱਗੇ ਵਧਣ ਦੇ ਮੌਕੇ ਵਧਾਏ ਜਾ ਰਹੇ ਹਨ। ਸਾਡਾ ਯਤਨ ਹੈ ਕਿ ਅੱਜ ਹਰੋਲੀ ਵਿੱਚ ਜੋ ਸਹੂਲਤਾਂ ਤਿਆਰ ਹੋ ਰਹੀਆਂ ਹਨ, ਉਨ੍ਹਾਂ ਦਾ ਲਾਭ ਆਉਣ ਵਾਲੇ ਸਮੇਂ ਵਿੱਚ ਇੱਥੋਂ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਮਿਲੇ ਅਤੇ ਉਹ ਇੱਕ ਬਿਹਤਰ ਹਰੋਲੀ ਵਿੱਚ ਆਪਣਾ ਭਵਿੱਖ ਬਣਾ ਸਕਣ। ਉਨ੍ਹਾਂ ਕਿਹਾ ਕਿ ਖੇਤਰ ਵਿੱਚ ਵਿਕਾਸ ਦੇ ਨਾਲ ਸਥਾਨਕ ਪਰੰਪਰਾਵਾਂ ਅਤੇ ਸਮਾਜਿਕ-ਸੱਭਿਆਚਾਰਕ ਵਿਰਾਸਤ ਨੂੰ ਕਾਇਮ ਰੱਖਣਾ ਵੀ ਜ਼ਰੂਰੀ ਹੈ। ਅਸੀਂ ਇਸ ਲਈ ਵਚਨਬੱਧ ਹਾਂ।

ਬਾਬਾ ਬੋਦਲ ਸ਼ਾਹ ਛਿੰਝ ਮੇਲਾ ਕਮੇਟੀ ਦੇ ਪ੍ਰਧਾਨ ਧਰਮਪਾਲ ਅਤੇ ਮੈਂਬਰਾਂ ਨੇ ਉਪ ਮੁੱਖ ਮੰਤਰੀ ਦਾ ਸਵਾਗਤ ਕੀਤਾ ਅਤੇ ਮੇਲੇ ਦੇ ਸਮਾਪਤੀ ਸਮਾਰੋਹ ਵਿੱਚ ਸ਼ਾਮਲ ਹੋਣ ਅਤੇ ਦੰਗਲ ਮੈਦਾਨ ਦੇ ਵਿਕਾਸ ਲਈ 25 ਲੱਖ ਰੁਪਏ ਦੇਣ ਦੇ ਐਲਾਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਕਮੇਟੀ ਨੇ ਸਵਰਗਵਾਸੀ ਪ੍ਰੋ. ਸਿੰਮੀ ਅਗਨੀਹੋਤਰੀ ਦੀ ਯਾਦ ਵਿੱਚ ਇੱਕ ਲੱਖ ਰੁਪਏ ਦੇਣ ਲਈ ਵੀ ਉਨ੍ਹਾਂ ਦਾ ਧੰਨਵਾਦ ਕੀਤਾ। ਛਿੰਝ ਮੇਲੇ ਵਿੱਚ ਸੂਬੇ ਅਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਪਹਿਲਵਾਨਾਂ ਨੇ ਭਾਗ ਲਿਆ। ਕੁਸ਼ਤੀ ਮੁਕਾਬਲੇ ਦੇਖਣ ਲਈ ਵੱਡੀ ਗਿਣਤੀ ਵਿੱਚ ਲੋਕ ਮੌਜੂਦ ਰਹੇ। ਇਸ ਮੌਕੇ ਏਪੀਐਮਸੀ ਊਨਾ ਦੇ ਪ੍ਰਧਾਨ ਸ਼ਿਵ ਕੁਮਾਰ ਸੈਣੀ, ਹਰੋਲੀ ਐਸਸੀ ਮੋਰਚਾ ਦੇ ਬਲਾਕ ਪ੍ਰਧਾਨ ਜਸਪਾਲ ਜੱਸਾ, ਲੋਅਰ ਭਦਸਾਲੀ ਪੰਚਾਇਤ ਦੇ ਪ੍ਰਧਾਨ ਸੂਰਮ ਸਿੰਘ, ਅੱਪਰ ਭਦਸਾਲੀ ਦੀ ਪ੍ਰਧਾਨ ਸੁਸ਼ਮਾ, ਐਸਡੀਐਮ ਵਿਸ਼ਾਲ ਸ਼ਰਮਾ, ਡੀਐਸਪੀ ਮੋਹਨ ਰਾਵਤ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਮੇਲਾ ਕਮੇਟੀ ਦੇ ਮੈਂਬਰ ਅਤੇ ਸਥਾਨਕ ਵਸਨੀਕ ਮੌਜੂਦ ਰਹੇ।

ਤਕਨਾਲੋਜੀ ਨਾਲ ਸਸ਼ਕਤ ਹੋ ਰਿਹਾ ਊਨਾ ਦਾ ਕਿਸਾਨ, 43 ਹਜ਼ਾਰ ਤੋਂ ਵੱਧ ਕਿਸਾਨ ਡਿਜ਼ੀਟਲ ਰਜਿਸਟਰੀ ਵਿੱਚ ਦਰਜ

ਊਨਾ, 24 ਸਤੰਬਰ (ਪੈ.ਗਾਮ-ਏ-ਜਗਤ)

ਮੁੱਖ ਮੰਤਰੀ ਠਾਕੁਰ ਸੁਖਵਿੰਦਰ ਸਿੰਘ ਸੁੱਖੂ ਦੀ ਅਗਵਾਈ ਹੇਠ ਹਿਮਾਚਲ ਪ੍ਰਦੇਸ਼ ਵਿੱਚ ਖੇਤੀਬਾੜੀ ਖੇਤਰ ਨੂੰ ਤਕਨਾਲੋਜੀ ਨਾਲ ਸਸ਼ਕਤ ਬਣਾਉਣ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਇਸੇ ਕੜੀ ਵਿੱਚ ਐਗਰੀਸਟੈਕ ਪ੍ਰੋਜੈਕਟ ਤਹਿਤ ਜ਼ਿਲ੍ਹਾ ਊਨਾ ਦੇ 43,822 ਕਿਸਾਨ ਡਿਜੀਟਲ ਫਾਰਮਰ ਰਜਿਸਟਰੀ ਨਾਲ ਜੁੜ ਚੁੱਕੇ ਹਨ। ਡਿਜੀਟਲ ਰਜਿਸਟਰੀ ਰਾਹੀਂ ਕਿਸਾਨਾਂ ਨੂੰ ਏਕੀਕ੍ਰਿਤ ਡਿਜੀਟਲ ਪਛਾਣ ਮਿਲ ਰਹੀ ਹੈ, ਜਿਸ ਨਾਲ ਸਰਕਾਰੀ ਯੋਜਨਾਵਾਂ ਅਤੇ ਖੇਤੀਬਾੜੀ ਸੇਵਾਵਾਂ ਦਾ ਲਾਭ ਵਧੇਰੇ ਸਰਲ, ਪਾਰਦਰਸ਼ੀ ਅਤੇ ਸਮੇਂ ਸਿਰ ਉਪਲਬਧ ਕਰਵਾਉਣ ਵਿੱਚ ਮਦਦ ਮਿਲੇਗੀ।

ਇੱਕ ਪਲੇਟਫਾਰਮ 'ਤੇ ਉਪਲਬਧ ਹੋਵੇਗੀ ਕਿਸਾਨ ਨਾਲ ਸਬੰਧਤ ਜਾਣਕਾਰੀ

ਖੇਤੀਬਾੜੀ ਵਿਭਾਗ ਦੇ ਉਪ ਨਿਰਦੇਸ਼ਕ ਊਨਾ ਪ੍ਰੇਮ ਸਿੰਘ ਨੇ ਦੱਸਿਆ ਕਿ ਐਗਰੀਸਟੈਕ ਤਹਿਤ ਕਿਸਾਨ ਦੀ ਪਛਾਣ, ਜ਼ਮੀਨੀ ਰਿਕਾਰਡ, ਫ਼ਸਲ ਵੇਰਵੇ ਅਤੇ ਵੱਖ-ਵੱਖ ਸਰਕਾਰੀ ਯੋਜਨਾਵਾਂ ਨਾਲ ਸਬੰਧਤ ਜਾਣਕਾਰੀ ਡਿਜੀਟਲ ਪਲੇਟਫਾਰਮ 'ਤੇ ਉਪਲਬਧ ਹੋਵੇਗੀ। ਹਰੇਕ ਰਜਿਸਟਰਡ ਕਿਸਾਨ ਨੂੰ ਆਧਾਰ ਆਧਾਰਿਤ 11 ਅੰਕਾਂ ਵਾਲੀ ਵਿਸ਼ੇਸ਼ ਯੂਨੀਕ ਫਾਰਮਰ ਆਈਡੀ ਪ੍ਰਦਾਨ ਕੀਤੀ ਜਾਵੇਗੀ, ਜੋ ਭਵਿੱਖ ਵਿੱਚ ਵੱਖ-ਵੱਖ ਖੇਤੀਬਾੜੀ ਸੇਵਾਵਾਂ, ਦਸਤਾਵੇਜ਼ਾਂ ਦੀ ਤਸਦੀਕ ਅਤੇ ਸਰਕਾਰੀ ਯੋਜਨਾਵਾਂ ਦਾ ਲਾਭ ਲੈਣ ਵਿੱਚ ਉਪਯੋਗੀ ਹੋਵੇਗੀ।

ਉਨ੍ਹਾਂ ਦੱਸਿਆ ਕਿ ਡਿਜੀਟਲ ਫਾਰਮਰ ਰਜਿਸਟਰੀ ਨਾਲ ਕਿਸਾਨਾਂ ਨੂੰ ਵੱਖ-ਵੱਖ ਯੋਜਨਾਵਾਂ ਲਈ ਵਾਰ-ਵਾਰ ਦਸਤਾਵੇਜ਼ ਜਮ?ਹਾਂ ਕਰਵਾਉਣ ਦੀ ਲੋੜ ਘੱਟ ਹੋਵੇਗੀ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ, ਮੁੱਖ ਮੰਤਰੀ ਕਿਸਾਨ ਸਨਮਾਨ ਨਿਧੀ, ਫ਼ਸਲ ਬੀਮਾ, ਕਿਸਾਨ ਕਰੈਡਿਟ ਕਾਰਡ ਅਤੇ ਘੱਟੋ-ਘੱਟ ਸਮਰਥਨ ਮੁੱਲ 'ਤੇ ਫ਼ਸਲ ਖਰੀਦ ਵਰਗੀਆਂ ਸਹੂਲਤਾਂ ਤੱਕ ਪਹੁੰਚ ਨੂੰ ਵਧੇਰੇ ਸਰਲ ਅਤੇ ਪਾਰਦਰਸ਼ੀ ਬਣਾਉਣ ਵਿੱਚ ਇਹ ਪ੍ਰਬੰਧ ਸਹਾਇਕ ਹੋਵੇਗਾ। ਪ੍ਰੇਮ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਸਾਉਣੀ ਦੀ ਫ਼ਸਲ ਦਾ ਡਿਜੀਟਲ ਕਰਾਪ ਸਰਵੇ ਵੀ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ। ਹੁਣ ਤੱਕ 2,65,760 ਸਰਵੇਖਣ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚੋਂ 2,30,301 ਸਰਵੇਖਣ ਮਨਜ਼ੂਰ ਹੋ ਚੁੱਕੇ ਹਨ। ਮੋਬਾਈਲ ਐਪ ਅਤੇ ਜੀਪੀਐਸ ਤਕਨਾਲੋਜੀ ਰਾਹੀਂ ਖੇਤਾਂ ਦੀ ਮੈਪਿੰਗ ਕਰਕੇ ਫ਼ਸਲਾਂ ਦਾ ਅਸਲ ਵੇਰਵਾ ਦਰਜ ਕੀਤਾ ਜਾ ਰਿਹਾ ਹੈ।

'ਪੈਗਾਮ-ਏ-ਜਗਤ' 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸੰਬੰਧੀ ਕੇਸਾਂ ਦਾ ਨਿਪਟਾਰਾ ਸਿਰਫ਼ ਮੁਹਾਲੀ (ਚੰਡੀਗੜ੍ਹ) ਕੋਰਟ ਵਿੱਚ ਹੀ ਹੋਵੇਗਾ। ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। -ਸੰਪਾਦਕ, ਪੈਗਾਮ-ਏ-ਜਗਤ

ਐਨਐਸਐਸ ਦਿਵਸ ’ਤੇ ਪੋਸਟਰ ਮੇਕਿੰਗ ਅਤੇ ਸਲੋਗਨ ਲਿਖਣ ਮੁਕਾਬਲੇ ਕਰਵਾਏ

ਪੈ.ਗਾਮ-ਏ-ਜਗਤ/ਅੰਬਾਲਾ
24 ਸਤੰਬਰ (ਆਰ.ਸਿੰਘ)

ਨੌਜਵਾਨਾਂ ਵਿੱਚ ਰਾਸ਼ਟਰੀ ਸੇਵਾ, ਸਮਰਪਣ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨ ਦੇ ਉਦੇਸ਼ ਨਾਲ ਆਰੀਆ ਕਾਲਜ, ਅੰਬਾਲਾ ਛਾਉਣੀ ਦੀਆਂ ਐਨਐਸਐਸ ਇਕਾਈਆਂ ਨੇ ਰਾਸ਼ਟਰੀ ਸੇਵਾ ਯੋਜਨਾ ਦਿਵਸ ਮਨਾਉਣ ਲਈ ਇਸ ਮੌਕੇ ਤੇ ਵਿਦਿਆਰਥੀਆਂ ਦਾ ਪੋਸਟਰ ਮੇਕਿੰਗ ਅਤੇ ਸਲੋਗਨ ਲਿਖਣ ਮੁਕਾਬਲਾ ਕਰਵਾਇਆ। ਭਾਗੀਦਾਰਾਂ ਦੁਆਰਾ ਬਣਾਏ ਗਏ ਹਰੇਕ ਪੋਸਟਰ ਅਤੇ ਸਲੋਗਨ ਨੇ



ਐਨਐਸਐਸ ਮਾਟੋ, ÷ਨਾਟ ਮੀ ਬੱਟ ਯੂ÷ ਨੂੰ ਸਪਸ਼ਟ ਤੌਰ ’ਤੇ ਦਰਸਾਇਆ। ਇਹ ਪ੍ਰੋਗਰਾਮ ਕਾਲਜ ਦੀਆਂ ਐਨਐਸਐਸ ਪ੍ਰੋਗਰਾਮ ਅਫਸਰਾਂ, ਡਾ. ਅਮਨਦੀਪ ਮੱਕੜ ਅਤੇ ਡਾ. ਅਮਨੀਤ ਕੌਰ ਦੁਆਰਾ ਸੰਚਾਲਿਤ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ. ਅੰਜੂ ਬਾਲਾ ਨੇ ਮੁਕਾਬਲੇ ਦੇ ਮੁੱਖ ਜੱਜ ਵਜੋਂ ਸੇਵਾ ਨਿਭਾਈ। ਇਸ ਮੌਕੇ ’ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਡਾ. ਅੰਜੂ ਬਾਲਾ ਨੇ ਕਿਹਾ ਕਿ ਸਿੱਖਿਆ ਸਿਰਫ਼ ਕਿਤਾਬੀ ਗਿਆਨ ਤੱਕ ਸੀਮਤ ਨਹੀਂ ਹੈ; ਇਹ ਨੌਜਵਾਨਾਂ ਦੇ ਅੰਦਰ ਛੁਪੀ ਸੇਵਾ, ਦਇਆ ਅਤੇ ਲੀਡਰਸ਼ਿਪ ਹੁਨਰ ਦੀ ਭਾਵਨਾ ਨੂੰ ਆਕਾਰ ਦੇਣ ਦਾ ਇੱਕ ਸਾਧਨ ਹੈ। ਪੋਸਟਰਾਂ ਤੋਂ ਪ੍ਰਤੱਖ ਹੈ ਕਿ ਸਾਡੀ ਨੌਜਵਾਨ ਪੀੜ੍ਹੀ ਦੇਸ਼ ਦੇ ਭਵਿੱਖ ਨੂੰ ਆਕਾਰ ਦੇਣ ਲਈ ਪੂਰੀ ਤਰ੍ਹਾਂ ਤਿਆਰ ਹੈ। ਰਾਸ਼ਟਰੀ ਸੇਵਾ ਯੋਜਨਾ ਵਿਦਿਆਰਥੀਆਂ ਨੂੰ ਸਮਾਜ ਦੀ ਅਸਲ ਜ਼ਮੀਨ ਨਾਲ ਜੋੜਨ ਅਤੇ ਉਨ੍ਹਾਂ ਵਿੱਚ ਨਿਰਸਵਾਰਥਤਾ ਦੀ ਭਾਵਨਾ ਪੈਦਾ ਕਰਨ ਲਈ ਇੱਕ ਸ਼ਕਤੀਸ਼ਾਲੀ ਪਲੇਟਫਾਰਮ ਹੈ।

ਮੁਕਾਬਲੇ ਦਾ ਪਹਿਲਾ ਇਨਾਮ ਅੰਕਿਤਾ ਨੂੰ, ਦੂਜਾ ਪ੍ਰਾਚੀ ਗੁਪਤਾ ਨੂੰ ਅਤੇ ਤੀਜਾ ਇਨਾਮ: ਸਨੇਹਾ (ਸਭ ਬੀਏ ਆਨਰਜ਼) ਨੂੰ ਮਿਲਿਆ।

ਐਡਵੋਕੇਟ ਸਿਮਰਨਜੀਤ ਸਿੰਘ ਢਿੱਲੋਂ ਪੰਜਾਬ ਯੂਨੀਵਰਸਿਟੀ ਸੈਨੇਟ ਲਈ ਮੁੜ ਚੁਣੇ ਗਏ, ਪਹਿਲੀ ਪਸੰਦ ਦੀਆਂ ਵੋਟਾਂ ਵਿੱਚ ਦੂਜਾ ਸਥਾਨ

ਚੰਡੀਗੜ੍ਹ, 24 ਸਤੰਬਰ
(ਪੈ.ਗਾਮ-ਏ-ਜਗਤ)

ਐਡਵੋਕੇਟ ਸਿਮਰਨਜੀਤ ਸਿੰਘ ਢਿੱਲੋਂ ਪੰਜਾਬ ਯੂਨੀਵਰਸਿਟੀ ਦੀ Registered Graduates Constituency ਤੋਂ ਮੁੜ ਸੈਨੇਟ ਮੈਂਬਰ ਚੁਣੇ ਗਏ ਹਨ। ਉਨ੍ਹਾਂ ਨੇ ਚੋਣ ਵਿੱਚ ਦੂਜਾ ਸਥਾਨ ਹਾਸਲ ਕੀਤਾ ਹੈ। ਐਡਵੋਕੇਟ ਢਿੱਲੋਂ ਨੂੰ 3,267 ਪਹਿਲੀ ਪਸੰਦ ਦੀਆਂ ਵੋਟਾਂ ਪ੍ਰਾਪਤ ਹੋਈਆਂ, ਜਿਸ ਨਾਲ ਉਹ ਇਸ ਹਲਕੇ ਦੇ ਉਮੀਦਵਾਰਾਂ ਵਿੱਚ ਦੂਜੇ ਸਥਾਨ ’ਤੇ ਰਹੇ। ਉਨ੍ਹਾਂ ਦੀ ਮੁੜ ਚੋਣ ਪੰਜਾਬ ਯੂਨੀਵਰਸਿਟੀ ਦੇ ਗ੍ਰੈਜੂਏਟ ਵੋਟਰਾਂ ਵੱਲੋਂ ਉਨ੍ਹਾਂ ’ਤੇ ਪ੍ਰਗਟ ਕੀਤੇ ਗਏ ਲਗਾਤਾਰ ਭਰੋਸੇ ਅਤੇ ਸਮਰਥਨ ਨੂੰ ਦਰਸਾਉਂਦੀ ਹੈ।

ਐਡਵੋਕੇਟ ਢਿੱਲੋਂ ਪਿਛਲੇ ਕਈ ਸਾਲਾਂ ਤੋਂ ਵਿਦਿਆਰਥੀ ਮਸਲਿਆਂ ਅਤੇ ਯੂਥ ਮਾਮਲਿਆਂ ਨਾਲ ਸਰਗਰਮੀ ਨਾਲ ਜੁੜੇ ਰਹੇ ਹਨ। ਉਨ੍ਹਾਂ ਨੇ 2008 ਵਿੱਚ ਪੰਜਾਬ ਯੂਨੀਵਰਸਿਟੀ ਸਟੂਡੈਂਟਸ ਯੂਨੀਅਨ ਦੇ ਪ੍ਰਧਾਨ ਵਜੋਂ ਸੇਵਾ ਨਿਭਾਈ। ਇਸ ਤੋਂ ਬਾਅਦ 2015 ਵਿੱਚ SOI ਨੂੰ ਵੱਡੇ ਫਰਕ ਨਾਲ ਜਿੱਤ ਹਾਸਲ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਉਹ ਯੂਥ ਡਿਵੈਲਪਮੈਂਟ ਬੋਰਡ ਦੇ ਡਾਇਰੈਕਟਰ ਵਜੋਂ ਵੀ ਸੇਵਾਵਾਂ ਨਿਭਾ ਚੁੱਕੇ ਹਨ।



ਪਿਛਲੀਆਂ ਸੈਨੇਟ ਚੋਣਾਂ ਵਿੱਚ ਵੀ ਐਡਵੋਕੇਟ ਢਿੱਲੋਂ ਨੇ ਕੋਟਾ ਕਲੀਅਰ ਕਰਨ ਦੇ ਮਾਮਲੇ ਵਿੱਚ ਦੂਜਾ ਸਥਾਨ ਹਾਸਲ ਕੀਤਾ ਸੀ। ਆਪਣੇ ਪਿਛਲੇ ਕਾਰਜਕਾਲ ਦੌਰਾਨ ਐਡਵੋਕੇਟ ਢਿੱਲੋਂ ਨੇ ਵਿਦਿਆਰਥੀਆਂ ਨਾਲ ਸਬੰਧਤ ਮੁੱਦਿਆਂ ਨੂੰ ਲਗਾਤਾਰ ਸੈਨੇਟ ਵਿੱਚ ਉਠਾਇਆ ਅਤੇ ਉਨ੍ਹਾਂ ਦੇ ਹੱਕਾਂ ਤੇ ਹਿੱਤਾਂ ਨਾਲ ਜੁੜੇ ਮਾਮਲਿਆਂ ’ਤੇ ਕੰਮ ਕੀਤਾ। ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਸੈਨੇਟ ਦੇ ਪੁਨਰਗਠਨ ਨਾਲ ਸਬੰਧਤ ਯਤਨਾਂ ਵਿੱਚ ਵੀ ਯੋਗਦਾਨ ਪਾਇਆ।

ਉਨ੍ਹਾਂ ਦੇ ਸਮਰਥਕਾਂ ਅਤੇ ਸਹਿਯੋਗੀਆਂ ਅਨੁਸਾਰ, ਵਿਦਿਆਰਥੀਆਂ ਅਤੇ ਗ੍ਰੈਜੂਏਟਾਂ ਵਿਚਕਾਰ ਉਨ੍ਹਾਂ ਨੂੰ ਮਿਲਿਆ ਲਗਾਤਾਰ ਸਮਰਥਨ ਉਨ੍ਹਾਂ ਦੀ ਲੋਕਾਂ ਤੱਕ ਆਸਾਨ ਪਹੁੰਚ, ਕੰਮ ਪ੍ਰਤੀ ਵਚਨਬੱਧਤਾ ਅਤੇ ਵਿਦਿਆਰਥੀ ਮਸਲਿਆਂ ਨਾਲ ਲੰਬੇ ਸਮੇਂ ਤੋਂ ਜੁੜੇ ਰਹਿਣ ਦਾ ਨਤੀਜਾ ਹੈ।

ਮੁੜ ਚੁਣੇ ਜਾਣ ਤੋਂ ਬਾਅਦ ਐਡਵੋਕੇਟ ਸਿਮਰਨਜੀਤ ਸਿੰਘ ਢਿੱਲੋਂ ਪੰਜਾਬ ਯੂਨੀਵਰਸਿਟੀ ਸੈਨੇਟ ਵਿੱਚ Registered Graduates Constituency ਦੇ ਵਿਦਿਆਰਥੀਆਂ ਅਤੇ ਗ੍ਰੈਜੂਏਟਾਂ ਦੀਆਂ ਚਿੰਤਾਵਾਂ ਅਤੇ ਹਿੱਤਾਂ ਦੀ ਨੁਮਾਇੰਦਗੀ ਜਾਰੀ ਰੱਖਣਗੇ।

ਕਰਨਾਲ ਪੁਲਿਸ ਦੀ ਨਜਾਇਜ਼ ਸ਼ਰਾਬ ਦੇ ਕਾਰੋਬਾਰ ’ਤੇ ਵੱਡੀ ਕਾਰਵਾਈ, ਦੋ ਡਰੰਮਾਂ ਵਿੱਚੋਂ 400 ਲੀਟਰ ਲਾਹਣ ਬਰਾਮਦ

ਪੈ.ਗਾਮ-ਏ-ਜਗਤ/ਕਰਨਾਲ
24 ਸਤੰਬਰ, (ਪ੍ਰਵੀਨ ਵਾਲੀਆ)

ਪੁਲਿਸ ਸੁਪਰਡੈਂਟ ਕਰਨ ਗੋਇਲ ਦੀ ਕੁਸ਼ਲ ਅਗਵਾਈ ਹੇਠ ਨਜਾਇਜ਼ ਸ਼ਰਾਬ ਦੇ ਨਿਰਮਾਣ ਅਤੇ ਤਸਕਰੀ ’ਤੇ ਪ੍ਰਭਾਵੀ ਰੋਕ ਲਾਉਣ ਲਈ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਲੜੀ ਵਿੱਚ ਥਾਣਾ ਇੰਦਰੀ ਇੰਚਾਰਜ ਇੰਸਪੈਕਟਰ ਧਰਮਬੀਰ ਸਿੰਘ ਦੀ ਅਗਵਾਈ ਹੇਠ ਟੀਮ ਨੇ ਯਮੁਨਾ ਨਦੀ ਦੇ ਕੰਢੇ ਜੰਗਲ ਵਿੱਚੋਂ ਨਜਾਇਜ਼ ਸ਼ਰਾਬ ਬਣਾਉਣ ਵਿੱਚ ਵਰਤੀ ਜਾਣ ਵਾਲੀ 400 ਲੀਟਰ ਲਾਹਣ ਬਰਾਮਦ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ।

ਮਾਮਲੇ ਵਿੱਚ ਅਣਪਛਾਤੇ ਦੋਸ਼ੀਆਂ ਖਿਲਾਫ ਸਬੰਧਤ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਪੁਲਿਸ ਅਨੁਸਾਰ ਮਿਤੀ 23 ਸਤੰਬਰ 2026 ਨੂੰ ਸਬ-ਇੰਸਪੈਕਟਰ ਗੁਰਜੀਤ ਸਿੰਘ ਆਪਣੀ ਪੁਲਿਸ ਟੀਮ ਨਾਲ ਗੜ੍ਹੀ ਬੀਰਬਲ ਬੱਸ ਅੱਡਾ ਖੇਤਰ ਵਿੱਚ ਗਸ਼ਤ ਅਤੇ ਅਪਰਾਧ ਦੀ ਜਾਂਚ ਲਈ ਮੌਜੂਦ ਸਨ। ਇਸ ਦੌਰਾਨ ਇੱਕ ਭਰੋਸੇਯੋਗ ਮੁਖਬਰ ਨੇ ਸੂਚਨਾ ਦਿੱਤੀ ਕਿ ਪਿੰਡ ਚੰਦਰਾਵ ਦੇ 2-3 ਨੌਜਵਾਨ ਯਮੁਨਾ ਨਦੀ ਦੇ ਕੰਢੇ ਨਜਾਇਜ਼ ਤੌਰ ’ਤੇ ਸ਼ਰਾਬ ਤਿਆਰ ਕਰਨ ਦਾ ਕੰਮ ਕਰਦੇ ਹਨ। ਮੁਖਬਰ ਨੇ ਦੱਸਿਆ ਕਿ ਦੋਸ਼ੀ ਉਸ ਸਮੇਂ ਵੀ ਯਮੁਨਾ ਕੰਢੇ ਜੰਗਲ ਵਿੱਚ ਵੱਡੀ ਮਾਤਰਾ ਵਿੱਚ ਨਜਾਇਜ਼ ਸ਼ਰਾਬ ਤਿਆਰ ਕਰਨ ਦੀ ਪ੍ਰਕਿਰਿਆ ਵਿੱਚ ਹਨ ਅਤੇ ਤਿਆਰ ਸ਼ਰਾਬ ਨੂੰ ਯਮੁਨਾ ਨਹਿਰ ਦੇ ਰਸਤੇ ਉੱਤਰ ਪ੍ਰਦੇਸ਼ ਵੱਲ ਲੈ ਜਾ ਕੇ ਵੇਚਣ ਦੀ ਤਿਆਰੀ ਵਿੱਚ ਹਨ। ਪ੍ਰਾਪਤ ਸੂਚਨਾ ਦੀ ਗੰਭੀਰਤਾ ਨੂੰ ਦੇਖਦਿਆਂ ਪੁਲਿਸ ਟੀਮ ਨੇ ਤੁਰੰਤ ਚੰਦਰਾਵ ਖੇਤਰ ਵਿੱਚ ਯਮੁਨਾ ਨਹਿਰ ਦੇ ਕੰਢੇ ਪਹੁੰਚ ਕੇ ਤਲਾਸ਼ੀ ਮੁਹਿੰਮ ਚਲਾਈ। ਤਲਾਸ਼ੀ ਦੌਰਾਨ ਨਹਿਰ ਕੰਢੇ ਜੰਗਲ ਵਿੱਚ ਦੋ ਡਰੰਮ ਲੁਕਾ ਕੇ ਰੱਖੇ ਹੋਏ ਮਿਲੇ। ਇਨ੍ਹਾਂ ਵਿੱਚੋਂ ਇੱਕ ਡਰੰਮ ਨੀਲੇ ਰੰਗ ਦਾ ਅਤੇ ਦੂਜਾ ਲਾਲ ਰੰਗ ਦਾ ਸੀ। ਪੁਲਿਸ ਟੀਮ ਵੱਲੋਂ ਡਰੰਮਾਂ ਦੇ ਉੱਪਰ ਰੱਖੇ ਕੱਟੇ ਹਟਾ ਕੇ ਜਾਂਚ ਕੀਤੀ ਗਈ ਤਾਂ ਦੋਵਾਂ ਡਰੰਮਾਂ ਵਿੱਚ ਲਾਹਣ ਭਰੀ ਹੋਈ ਮਿਲੀ।

ਜਾਂਚ ਕਰਨ ’ਤੇ ਇੱਕ ਡਰੰਮ ਵਿੱਚ 200 ਲੀਟਰ ਅਤੇ ਦੂਜੇ ਡਰੰਮ ਵਿੱਚ 200 ਲੀਟਰ, ਕੁੱਲ 400 ਲੀਟਰ ਲਾਹਣ ਬਰਾਮਦ ਹੋਈ। ਮੌਕੇ ’ਤੇ ਬਰਾਮਦ ਲਾਹਣ ਨੂੰ ਨਿਯਮਾਂ ਅਨੁਸਾਰ ਵੱਖ-ਵੱਖ ਡਰੰਮਾਂ ਵਿੱਚ ਸੀਲ ਕੀਤਾ ਗਿਆ।

ਅਣਪਛਾਤੇ ਦੋਸ਼ੀਆਂ ਖਿਲਾਫ ਮਾਮਲਾ ਦਰਜ, ਤਲਾਸ਼ ਜਾਰੀ

ਮਾਮਲੇ ਵਿੱਚ ਜਾਂਚ ਅਧਿਕਾਰੀ ਨੇ ਦੱਸਿਆ ਕਿ ਬਰਾਮਦ ਲਾਹਣ ਨੂੰ ਨਜਾਇਜ਼ ਸ਼ਰਾਬ ਤਿਆਰ ਕਰਨ ਦੇ ਮਕਸਦ ਨਾਲ ਬਿਨਾਂ ਕਿਸੇ ਲਾਇਸੈਂਸ ਅਤੇ ਪਰਮਿਟ ਦੇ ਰੱਖਿਆ ਗਿਆ ਸੀ। ਇਸ ਸਬੰਧ ਵਿੱਚ ਮਿਤੀ 23 ਸਤੰਬਰ 2026 ਨੂੰ ਅਣਪਛਾਤੇ ਦੋਸ਼ੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। ਪੁਲਿਸ ਟੀਮ ਵੱਲੋਂ ਦੋਸ਼ੀਆਂ ਦੀ ਪਛਾਣ ਅਤੇ ਤਲਾਸ਼ ਲਈ ਜਾਂਚ ਨੂੰ ਅੱਗੇ ਵਧਾਇਆ ਜਾ ਰਿਹਾ ਹੈ। ਨਾਲ ਹੀ ਇਹ ਵੀ ਪਤਾ ਲਾਇਆ ਜਾ ਰਿਹਾ ਹੈ ਕਿ ਨਜਾਇਜ਼ ਸ਼ਰਾਬ ਤਿਆਰ ਕਰਨ ਦੇ ਇਸ ਕੰਮ ਵਿੱਚ ਕੌਣ-ਕੌਣ ਲੋਕ ਸ਼ਾਮਲ ਹਨ ਅਤੇ ਇਸ ਦੇ ਪਿੱਛੇ ਕਿਸੇ ਸੰਗਠਿਤ ਨੈੱਟਵਰਕ ਦੀ ਸ਼ਮੂਲੀਅਤ ਤਾਂ ਨਹੀਂ ਹੈ।

ਆੜ੍ਹਤੀ, ਮਿੱਲਰ ਅਤੇ ਕਿਸਾਨ ਐਸੋਸੀਏਸ਼ਨਾਂ ਦੇ ਨੁਮਾਇੰਦੇ ਤਾਲਮੇਲ ਬਣਾ ਕੇ ਕਰਨ ਕੰਮ, ਝੋਨੇ ਦੀ ਖਰੀਦ ਵਿੱਚ ਜ਼ਿਲ੍ਹੇ ਨੂੰ ਸੂਬੇ ਵਿੱਚ ਇੱਕ ਮਾਡਲ ਵਜੋਂ ਸਥਾਪਤ ਕਰਨ: ਡਿਪਟੀ ਕਮਿਸ਼ਨਰ

ਪੈ.ਗਾਮ-ਏ-ਜਗਤ/ਕਰਨਾਲ
24 ਸਤੰਬਰ (ਪ੍ਰਵੀਨ ਵਾਲੀਆ)

ਝੋਨੇ ਦੀ ਖਰੀਦ ਦੇ ਕੰਮ ਨੂੰ ਜ਼ਿਲ੍ਹੇ ਵਿੱਚ ਸੁਚਾਰੂ ਢੰਗ ਨਾਲ ਜਾਰੀ ਰੱਖਣ ਦੇ ਉਦੇਸ਼ ਨਾਲ ਡਿਪਟੀ ਕਮਿਸ਼ਨਰ ਡਾ. ਆਨੰਦ ਕੁਮਾਰ ਸ਼ਰਮਾ ਨੇ ਵੀਰਵਾਰ ਨੂੰ ਲਘੂ ਸਕੱਤਰੇਤ ਦੇ ਸਭਾ ਘਰ ਵਿੱਚ ਮੰਡੀ ਆੜ੍ਹਤੀਆਂ, ਮਿੱਲਰਾਂ ਅਤੇ ਕਿਸਾਨ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਅਤੇ ਸਰਕਾਰੀ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਦੀ ਸਾਂਝੀ ਮੀਟਿੰਗ ਲਈ ਅਤੇ ਤਿਆਰੀਆਂ ਦੀ ਸਮੀਖਿਆ ਕੀਤੀ। ਉਨ੍ਹਾਂ ਕਿਹਾ ਕਿ ਝੋਨੇ ਦੀ ਖਰੀਦ ਸ਼ੁਰੂ ਹੋਣ ਤੋਂ ਪਹਿਲਾਂ ਮੰਡੀ ਸਕੱਤਰ ਆਪੋ-ਆਪਣੀਆਂ ਮੰਡੀਆਂ ਵਿੱਚ ਸਮੇਂ ਸਿਰ ਸਾਰੀਆਂ ਜ਼ਰੂਰੀ ਤਿਆਰੀਆਂ ਪੂਰੀਆਂ ਕਰਨਾ ਯਕੀਨੀ ਬਣਾਉਣ ਤਾਂ ਜੋ ਕਿਸਾਨਾਂ ਨੂੰ ਮੰਡੀਆਂ ਵਿੱਚ ਫਸਲ ਵੇਚਣ ਵਿੱਚ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਆੜ੍ਹਤੀ, ਮਿੱਲਰ ਅਤੇ ਕਿਸਾਨ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨੂੰ ਸੱਦਾ ਦਿੱਤਾ ਕਿ ਉਹ ਆਪਸੀ ਤਾਲਮੇਲ ਬਣਾ ਕੇ ਕੰਮ ਕਰਨ ਅਤੇ ਝੋਨੇ ਦੀ ਖਰੀਦ ਨੂੰ ਲੈ ਕੇ ਕਰਨਾਲ ਜ਼ਿਲ੍ਹੇ ਨੂੰ ਸੂਬੇ ਵਿੱਚ ਇੱਕ ਮਾਡਲ ਵਜੋਂ ਸਥਾਪਤ ਕਰਨ।

ਡਿਪਟੀ ਕਮਿਸ਼ਨਰ ਲਘੂ ਸਕੱਤਰੇਤ ਦੇ ਸਭਾ ਘਰ ਵਿੱਚ ਉਕਤ ਐਸੋਸੀਏਸ਼ਨਾਂ ਅਤੇ ਸਰਕਾਰੀ ਖਰੀਦ ਏਜੰਸੀਆਂ ਦੇ ਅਧਿਕਾਰੀਆਂ, ਮੰਡੀ ਸਕੱਤਰਾਂ ਦੀ ਮੀਟਿੰਗ ਵਿੱਚ ਬੋਲ ਰਹੇ ਸਨ। ਉਨ੍ਹਾਂ ਮੰਡੀ ਸਕੱਤਰਾਂ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਕਿ ਉਹ ਝੋਨੇ ਦੀ ਖਰੀਦ ਨੂੰ ਲੈ ਕੇ ਤਿਆਰੀਆਂ ਵਿੱਚ ਕਿਸੇ ਕਿਸਮ ਦੀ ਲਾਪਰਵਾਹੀ ਨਾ ਵਰਤਣ ਅਤੇ ਲੋੜੀਂਦੀ ਮਾਤਰਾ ਵਿੱਚ ਜ਼ਰੂਰੀ ਪ੍ਰਬੰਧ ਯਕੀਨੀ ਕੀਤੇ ਜਾਣ।

ਉਨ੍ਹਾਂ ਕਿਹਾ ਕਿ ਜੇਕਰ ਕਿਸੇ ਏਜੰਸੀ ਅਤੇ ਮੰਡੀ ਸਕੱਤਰ ਦੀ ਲਾਪਰਵਾਹੀ ਕਾਰਨ ਝੋਨੇ ਦੀ ਖਰੀਦ ਦੇ ਕੰਮ ਵਿੱਚ ਰੁਕਾਵਟ ਨਜ਼ਰ ਆਈ ਤਾਂ ਸਬੰਧਤ ਖਿਲਾਫ ਪ੍ਰਸ਼ਾਸਨਿਕ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਐਸਡੀਐਮ ਨੂੰ ਨਿਰਦੇਸ਼ ਦਿੱਤੇ ਕਿ ਉਹ ਆਪੋ-ਆਪਣੇ ਖੇਤਰ ਵਿੱਚ ਸਥਾਪਤ ਮੰਡੀਆਂ ਦਾ ਦੌਰਾ ਕਰਨ ਅਤੇ ਪ੍ਰਬੰਧਾਂ ਦਾ ਜਾਇਜ਼ਾ ਲੈਣ।

ਇਸ ਤੋਂ ਇਲਾਵਾ ਆੜ੍ਹਤੀ, ਮਿੱਲਰ ਅਤੇ ਕਿਸਾਨਾਂ ਦੇ ਨੁਮਾਇੰਦਿਆਂ ਨਾਲ ਨਿਯਮਤ ਤੌਰ ’ਤੇ ਮੀਟਿੰਗ ਕਰਨ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਲੱਭਣ। ਡਿਪਟੀ ਕਮਿਸ਼ਨਰ ਨੇ ਮਿੱਲਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਰਜਿਸਟ੍ਰੇਸ਼ਨ ਜ਼ਰੂਰ ਕਰਵਾਉਣ। ਉਨ੍ਹਾਂ ਏਜੰਸੀਆਂ ਨੂੰ ਨਿਰਦੇਸ਼ ਦਿੱਤੇ ਕਿ ਟਰਾਂਸਪੋਰਟਰਾਂ ਦਾ ਕਿਰਾਇਆ ਸਮੇਂ ਸਿਰ ਦਿੱਤਾ ਜਾਵੇ ਅਤੇ ਟਰਾਂਸਪੋਰਟਰ ਫਸਲ ਚੁੱਕਣ ਵਿੱਚ ਲਾਪਰਵਾਹੀ ਨਾ ਵਰਤਣ। ਏਜੰਸੀ ਇਸ ਕੰਮ ’ਤੇ ਵੀ ਪੂਰਾ ਧਿਆਨ ਦੇਵੇ। ਉਨ੍ਹਾਂ ਕਿਹਾ ਕਿ ਕੰਮ ਵਿੱਚ ਰੁਕਾਵਟ ਆਉਣ ’ਤੇ ਸਬੰਧਤ ਏਜੰਸੀ ਖਿਲਾਫ ਐਫਆਈਆਰ ਦਰਜ ਕਰਵਾਈ ਜਾਵੇਗੀ।

ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ ਦੀ ਫਸਲ ਦਾ ਇੱਕ-ਇੱਕ ਦਾਣਾ ਖਰੀਦਿਆ ਜਾਵੇਗਾ ਅਤੇ ਮੰਡੀਆਂ ਵਿੱਚ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਨਿਯਮਤ ਤੌਰ ’ਤੇ ਚੁਕਾਈ ਯਕੀਨੀ ਕਰਵਾਈ ਜਾਵੇਗੀ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਮੰਡੀਆਂ ਵਿੱਚ ਆਪਣੀ ਫਸਲ ਨੂੰ ਸੁਕਾ ਕੇ ਹੀ ਲਿਆਉਣ।

ਇਸ ਮੌਕੇ ’ਤੇ ਏਡੀਸੀ ਡਾ. ਰਾਹੁਲ ਰਈਆ, ਐਸਡੀਐਮ ਦੇਵੇਂਦਰ ਸ਼ਰਮਾ, ਐਸਡੀਐਮ ਇੰਦਰੀ ਡਾ. ਰਮਨ ਗੁਪਤਾ, ਐਸਡੀਐਮ ਨੀਲੋਖੇੜੀ ਅਸ਼ੋਕ ਕੁਮਾਰ, ਐਸਡੀਐਮ ਅਸੰਧ ਸੁਮਿਤ ਸਿਹਾਗ, ਡੀਐਫਐਸਸੀ ਮੁਕੇਸ਼ ਕੁਮਾਰ, ਹੈਫੇਡ ਡੀਐਮ ਸੁਰੇਸ਼ ਵੈਦ ਸਮੇਤ ਮੰਡੀ ਆੜ੍ਹਤੀ, ਮਿੱਲਰ ਅਤੇ ਕਿਸਾਨ ਐਸੋਸੀਏਸ਼ਨਾਂ ਦੇ ਅਹੁਦੇਦਾਰ ਅਤੇ ਮੈਂਬਰ ਮੌਜੂਦ ਰਹੇ।

ਵਿਧਾਇਕ ਨਰਿੰਦਰ ਕੌਰ ਭਰਾਜ ਨੇ ਸੰਗਰੂਰ ਸ਼ਹਿਰ ਦੀਆਂ ਤਿੰਨ ਅਹਿਮ ਸੜਕਾਂ ਦੇ ਨਿਰਮਾਣ ਕਾਰਜਾਂ ਦੇ ਰੱਖੇ ਨੀਂਹ ਪੱਥਰ

ਸੰਗਰੂਰ, 24 ਸਤੰਬਰ
(ਪੈ.ਗਾਮ-ਏ-ਜਗਤ)

ਸੰਗਰੂਰ ਸ਼ਹਿਰ ਦੇ ਸੜਕੀ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਅਤੇ ਸ਼ਹਿਰ ਵਾਸੀਆਂ ਨੂੰ ਬਿਹਤਰ ਆਵਾਜਾਈ ਸਹੂਲਤਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਵਿਧਾਇਕ ਸੰਗਰੂਰ ਨਰਿੰਦਰ ਕੌਰ ਭਰਾਜ ਵੱਲੋਂ ਅੱਜ ਸ਼ਹਿਰ ਦੀਆਂ ਤਿੰਨ ਅਹਿਮ ਸੜਕਾਂ ਦੇ ਵਿਕਾਸ ਅਤੇ ਨਿਰਮਾਣ ਕਾਰਜਾਂ ਦੇ ਨੀਂਹ ਪੱਥਰ ਰੱਖੇ ਗਏ। ਇਨ੍ਹਾਂ ਤਿੰਨਾਂ ਵਿਕਾਸ ਕਾਰਜਾਂ ’ਤੇ ਕਰੀਬ 2.47 ਕਰੋੜ ਰੁਪਏ ਖਰਚ ਕੀਤੇ ਜਾਣਗੇ।

ਇਸ ਮੌਕੇ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਦੱਸਿਆ ਕਿ ਬੱਸ ਸਟੈਂਡ ਚੌਂਕ ਸੰਗਰੂਰ ਵਿਖੇ ਸੜਕ ਦੇ ਵਿਕਾਸ ਕਾਰਜਾਂ ’ਤੇ 79.50 ਲੱਖ ਰੁਪਏ, ਸੁਨਾਮੀ ਗੇਟ ਸੰਗਰੂਰ ਵਿਖੇ 46 ਲੱਖ ਰੁਪਏ ਅਤੇ ਪੂਨੀਆ ਕਲੋਨੀ ਸੰਗਰੂਰ ਵਿਖੇ ਸੜਕ ਦੇ ਵਿਕਾਸ ਕਾਰਜਾਂ ’ਤੇ 121 ਲੱਖ ਰੁਪਏ ਖਰਚ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਕੰਮਾਂ ਦੇ ਮੁਕੰਮਲ



ਹੋਣ ਨਾਲ ਇਲਾਕਾ ਵਾਸੀਆਂ ਦੇ ਨਾਲ-ਨਾਲ ਰੋਜ਼ਾਨਾ ਇਨ੍ਹਾਂ ਰਸਤਿਆਂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਵੀ ਵੱਡੀ ਸਹੂਲਤ ਮਿਲੇਗੀ।

ਵਿਧਾਇਕ ਭਰਾਜ ਨੇ ਕਿਹਾ ਕਿ ਸੰਗਰੂਰ ਸ਼ਹਿਰ ਦਾ ਯੋਜਨਾਬੱਧ ਅਤੇ ਸਰਬਪੱਖੀ ਵਿਕਾਸ ਉਨ੍ਹਾਂ ਦੀ ਮੁੱਖ ਤਰਜੀਹ ਹੈ ਅਤੇ ਲੋਕਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਬੁਨਿਆਦੀ ਸਹੂਲਤਾਂ ਨੂੰ ਲਗਾਤਾਰ ਮਜ਼ਬੂਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਅੰਦਰ ਸੜਕਾਂ, ਗਲੀਆਂ ਅਤੇ ਹੋਰ ਬੁਨਿਆਦੀ ਢਾਂਚੇ ਨਾਲ ਸਬੰਧਤ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ ’ਤੇ ਨੇਪਰੇ ਚਾੜ੍ਹਿਆ ਜਾ ਰਿਹਾ ਹੈ ਤਾਂ ਜੋ ਲੋਕਾਂ ਨੂੰ ਰੋਜ਼ਾਨਾ ਆਵਾਜਾਈ ਦੌਰਾਨ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਕਿਹਾ ਕਿ ਬੱਸ ਸਟੈਂਡ ਚੌਂਕ ਅਤੇ ਸੁਨਾਮੀ ਗੇਟ ਵਰਗੇ ਅਹਿਮ ਅਤੇ ਰੁਝੇਵੇਂ ਵਾਲੇ ਇਲਾਕਿਆਂ ਵਿੱਚ ਸੜਕੀ ਢਾਂਚੇ ਵਿੱਚ ਸੁਧਾਰ ਨਾਲ ਆਵਾਜਾਈ ਹੋਰ ਸੁਚਾਰੂ ਹੋਵੇਗੀ, ਜਦਕਿ ਪੂਨੀਆ ਕਲੋਨੀ ਵਿੱਚ ਹੋਣ ਵਾਲੇ ਵਿਕਾਸ ਕਾਰਜ ਨਾਲ ਸਥਾਨਕ ਵਸਨੀਕਾਂ ਨੂੰ ਬਿਹਤਰ ਸੜਕੀ ਸਹੂਲਤ ਮਿਲੇਗੀ। ਨਰਿੰਦਰ ਕੌਰ ਭਰਾਜ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੇ ਵਿਕਾਸ ਕਾਰਜ ਤੈਅ ਮਾਪਦੰਡਾਂ ਅਨੁਸਾਰ ਉੱਚ ਗੁਣਵੱਤਾ ਨਾਲ ਅਤੇ ਨਿਰਧਾਰਤ ਸਮੇਂ ਅੰਦਰ ਮੁਕੰਮਲ ਕੀਤੇ ਜਾਣ। ਉਨ੍ਹਾਂ ਸਪੱਸ਼ਟ ਕੀਤਾ ਕਿ ਲੋਕਾਂ ਦੇ ਪੈਸੇ ਨਾਲ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਗੁਣਵੱਤਾ ਨਾਲ ਕਿਸੇ ਵੀ ਪੱਧਰ ’ਤੇ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੰਗਰੂਰ ਹਲਕੇ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਲੋਕਾਂ ਦੀ ਮੰਗ ਅਤੇ ਲੋੜ ਮੁਤਾਬਕ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਅਤੇ ਆਉਣ ਵਾਲੇ ਸਮੇਂ ਦੌਰਾਨ ਵੀ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਵਿਕਾਸ ਦੀ ਇਹ ਰਫ਼ਤਾਰ ਜਾਰੀ ਰਹੇਗੀ। ਇਸ ਮੌਕੇ ਭੁਪਿੰਦਰ ਸਿੰਘ ਪ੍ਰਧਾਨ, ਸੁੱਖਾ ਮਾਨ, ਐਮ.ਸੀ. ਜਗਜੀਤ ਕਾਲਾ, ਪੰਕਜ ਗਰਗ, ਅਮਨ ਸੇਖੋਂ, ਐਮ.ਸੀ. ਹਰਬੰਸ ਅਤੇ ਨੋਨੀ ਸਮੇਤ ਹੋਰ ਪਤਵੰਤੇ ਅਤੇ ਇਲਾਕਾ ਵਾਸੀ ਵੀ ਹਾਜ਼ਰ ਸਨ।

ਐਨ.ਸੀ.ਸੀ. ਕੇਡਿਟਜ ਨੂੰ ਹਲਕਾਅ ਤੋਂ ਬਚਣ ਅਤੇ ਫਸਟ ਏਡ ਬਾਰੇ ਜਾਣਕਾਰੀ ਦਿੱਤੀ

ਪਟਿਆਲਾ, 24 ਸਤੰਬਰ
(ਪੈ.ਗਾਮ-ਏ-ਜਗਤ)

ਸਰਕਾਰੀ ਆਈਟੀਆਈ ਮਾਡਲ ਟਾਊਨ ਪਟਿਆਲਾ ਦੇ ਐਨ ਸੀ ਸੀ ਕੇਡਿਟਜ ਨੂੰ ਰਾਸ਼ਟਰੀ ਹਲਕਾਅ ਦਿਵਸ਼ ਮੌਕੇ, ਬਚਣ, ਬਚਾਉਣ ਦੀ ਜਾਣਕਾਰੀ ਦੇਣ ਲਈ ਡਿਪਟੀ ਡਾਇਰੈਕਟਰ ਕਮ ਪ੍ਰਿੰਸੀਪਲ ਸ਼੍ਰੀਮਤੀ ਦਿਪਾਲੀ ਦੀ ਸੁਪ੍ਰਸਤੀ ਹੇਠ ਪ੍ਰੋਗਰਾਮ ਕਰਵਾਏ ਜਿਸ ਦੌਰਾਨ ਫਸਟ ਏਡ, ਸੇਫਟੀ, ਸਿਹਤ, ਜਾਗਰੂਕਤਾ ਮਿਸ਼ਨ ਦੇ ਚੀਫ ਟ੍ਰੇਨਰ ਸ਼੍ਰੀ ਕਾਕਾ ਰਾਮ ਵਰਮਾ, ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ ਰੈੱਡ ਕਰਾਸ ਵਲੋਂ ਦਸਿਆ ਕਿ ਪਿਛਲੇ ਸਾਲ ਹਲਕਾਅ ਕਾਰਨ ਦੇਸ਼ ਵਿੱਚ 12 ਲੱਖ ਤੋਂ ਵੱਧ ਲੋਕਾਂ, ਬੱਚਿਆਂ, ਨੌਜਵਾਨਾਂ ਦੀਆਂ ਮੌਤਾਂ ਹੋਈਆਂ।



ਉਨ੍ਹਾਂ ਨੇ ਦੱਸਿਆ ਕਿ ਅੱਜ ਵੀ ਦੁਨੀਆ ਵਿੱਚ ਹਲਕਾਅ ਹੋਣ ਮਗਰੋਂ ਇਲਾਜ ਅਸੰਭਵ ਹੈ। ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਜਾਨਵਰ ਦੇ ਕੱਟਣ, ਚੱਟਣ ਜਾਂ ਉਨ੍ਹਾਂ ਦਾ ਸਲਾਇਵਾ ਜਾਂ ਨੌਹਾਂ ਰਾਹੀਂ ਹਲਕਾਅ ਹੋ ਰਹੇ ਹਨ। ਸ਼੍ਰੀ ਕਾਕਾ ਰਾਮ ਵਰਮਾ ਨੇ ਦੱਸਿਆ ਕਿ ਇਲਾਜ਼ ਅਤੇ ਫਸਟ ਏਡ ਕਰਕੇ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਜਖ਼ਮ ਨੂੰ 10 ਵਾਰੀ ਸਾਫ਼ ਪਾਣੀ ਅਤੇ ਸਾਬਣ ਨਾਲ ਸਾਫ਼ ਕਰਕੇ ਡਾਕਟਰਾਂ ਦੀ ਸਲਾਹ ਅਨੁਸਾਰ ਇਲਾਜ ਕਰਵਾਉਣਾ ਅਤੇ ਪਾਲੇ ਹੋਏ ਜਾਨਵਰਾਂ ਨੂੰ ਹਰ ਸਾਲ ਟੀਕੇ ਲਗਵਾਉਣੇ ਜ਼ਰੂਰੀ ਹਨ। ਲੈਫਟੀਨੈਂਟ ਜਗਦੀਸ਼ ਸਿੰਘ ਜੋਸ਼ੀ ਅਤੇ ਲੈਕਚਰਾਰ ਸੁਖਦੇਵ ਸਿੰਘ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਵਿਦਿਆਰਥੀਆਂ, ਅਧਿਆਪਕਾਂ ਅਤੇ ਨਾਗਰਿਕਾਂ ਨੂੰ ਆਪਣੀ ਸੁਰੱਖਿਆ, ਸਿਹਤ, ਤਦੰਰੁਸਤੀ ਅਤੇ ਐਮਰਜੈਂਸੀ ਦੌਰਾਨ ਕੀਮਤੀ ਜਾਨਾਂ ਬਚਾਉਣ ਦੀ ਟ੍ਰੇਨਿੰਗਾਂ ਅਭਿਆਸ ਅਤੇ ਜਾਣਕਾਰੀ ਹੀ ਭਵਿੱਖ ਵਿੱਚ ਬਚਣ, ਬਚਾਉਣ ਲਈ ਮਦਦਗਾਰ ਸਿੱਧ ਹੋਣਗੇ, ਵਿਦਿਆਰਥੀਆਂ ਨੂੰ ਬੇਨਤੀ ਕੀਤੀ ਕਿ ਇਹ ਜਾਣਕਾਰੀ ਆਪਣੇ ਪਿੰਡਾਂ ਅਤੇ ਮਹੱਲਿਆ ਵਿਖੇ ਜ਼ਰੂਰ ਦਿੱਤੀ ਜਾਵੇ।

ਬੰਦੀ ਸਿੰਘਾਂ ਦੀ ਰਿਹਾਈ ਲਈ 29 ਸਤੰਬਰ ਨੂੰ ਰਤੀਆ ਵਿੱਚ ਕੱਢਿਆ ਜਾਵੇਗਾ ਰੋਸ ਮਾਰਚ

• ਗੁਰਦੁਆਰਾ ਸਾਹਿਬ ਪੁਰਾਣਾ ਬਾਜ਼ਾਰ ਤੋਂ ਤਹਿਸੀਲ ਤੱਕ ਮਾਰਚ ਕੱਢ ਕੇ ਪ੍ਰਸ਼ਾਸਨ ਨੂੰ ਸੌਂਪਿਆ ਜਾਵੇਗਾ ਮੰਗ-ਪੱਤਰ

ਪੈਗਾਮ-ਏ-ਜਗਤ
ਰਤੀਆ, 24 ਸਤੰਬਰ
(ਐਡਵੋਕੇਟ ਗੁਰਪ੍ਰੀਤ ਸਿੰਘ ਮੰਡੇਰ)

ਜੇਲ੍ਹਾਂ ਵਿੱਚ ਆਪਣੀ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਗਤ ਵੱਲੋਂ 29 ਸਤੰਬਰ ਨੂੰ ਰਤੀਆ ਸ਼ਹਿਰ ਵਿੱਚ ਰੋਸ ਮਾਰਚ ਕੱਢਿਆ ਜਾਵੇਗਾ। ਰੋਸ ਮਾਰਚ ਤੋਂ ਬਾਅਦ ਸਥਾਨਕ ਪ੍ਰਸ਼ਾਸਨ ਨੂੰ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਮੰਗ-ਪੱਤਰ ਸੌਂਪਿਆ ਜਾਵੇਗਾ।

ਇਸ ਸਬੰਧ ਵਿੱਚ ਬੀਤੀ ਦੇਰ ਸ਼ਾਮ ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ, ਪੁਰਾਣਾ ਬਾਜ਼ਾਰ ਰਤੀਆ ਵਿਖੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਅਤੇ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਮੀਟਿੰਗ ਆਯੋਜਿਤ ਕੀਤੀ ਗਈ।



ਮੀਟਿੰਗ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ ’ਤੇ ਵਿਚਾਰ-ਵਟਾਂਦਰਾ ਕਰਦਿਆਂ ਆਉਣ ਵਾਲੇ ਪ੍ਰੋਗਰਾਮ ਦੀ ਰੂਪ-ਰੇਖਾ ਤਿਆਰ ਕੀਤੀ ਗਈ। ਮੀਟਿੰਗ ਦੀ ਜਾਣਕਾਰੀ ਦਿੰਦਿਆਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਕਾਕਾ ਸਿੰਘ ਲਧੂਵਾਸ ਅਤੇ ਜਥੇਦਾਰ ਇਕਬਾਲ ਸਿੰਘ ਖੋਖਰ ਨੇ ਦੱਸਿਆ ਕਿ ਕਈ ਬੰਦੀ ਸਿੰਘ ਆਪਣੀਆਂ ਨਿਰਧਾਰਤ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਪਰ ਇਸ ਦੇ ਬਾਵਜੂਦ ਉਨ੍ਹਾਂ ਦੀ ਰਿਹਾਈ ਨਹੀਂ ਕੀਤੀ ਜਾ ਰਹੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਸਿੱਖ ਸੰਗਤ ਵਿੱਚ ਰੋਸ ਹੈ ਅਤੇ ਇਸੇ ਕਰਕੇ 29 ਸਤੰਬਰ ਨੂੰ ਸ਼ਾਂਤੀਪੂਰਨ ਰੋਸ ਮਾਰਚ ਕੱਢਿਆ ਜਾਵੇਗਾ।

ਉਨ੍ਹਾਂ ਦੱਸਿਆ ਕਿ ਰੋਸ ਮਾਰਚ ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਪੁਰਾਣਾ ਬਾਜ਼ਾਰ ਤੋਂ ਸ਼ੁਰੂ ਹੋ ਕੇ ਤਹਿਸੀਲ ਦਫ਼ਤਰ ਤੱਕ ਜਾਵੇਗਾ, ਜਿੱਥੇ ਪ੍ਰਸ਼ਾਸਨ ਨੂੰ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਮੰਗ-ਪੱਤਰ ਸੌਂਪਿਆ ਜਾਵੇਗਾ। ਉਨ੍ਹਾਂ ਖੇਤਰ ਦੀਆਂ ਸਾਰੀਆਂ ਸਿੱਖ ਜਥੇਬੰਦੀਆਂ, ਨਿਹੰਗ ਜਥੇਬੰਦੀਆਂ, ਧਾਰਮਿਕ ਸੰਸਥਾਵਾਂ ਅਤੇ ਸੰਗਤ ਨੂੰ ਇਸ ਪ੍ਰੋਗਰਾਮ ਵਿੱਚ ਵੱਧ-ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ।

ਇਸ ਮੌਕੇ ’ਤੇ ਸ੍ਰੀ ਰਾਮਦਾਸ ਲੰਗਰ ਕਮੇਟੀ ਦੇ ਖਜ਼ਾਨਚੀ ਹਰਪਾਲ ਸਿੰਘ ਅਹਿਰਵਾਂ, ਰਣਜੀਤ ਸਿੰਘ ਭਾਣੀਖੇੜਾ, ਹਰਿਆਣਾ ਗ੍ਰੰਥੀ ਸਭਾ ਦੇ ਪ੍ਰਧਾਨ ਹਾਕਮ ਸਿੰਘ, ਸਤਨਾਮ ਸਿੰਘ ਲਾਂਬਾ, ਨਿਰਮਲ ਸਿੰਘ ਬਾੜਾ, ਕਮਲਜੀਤ ਸਿੰਘ ਮਾਨ, ਜਗਸੀਰ ਸਿੰਘ ਸਹਿਤ ਵੱਖ-ਵੱਖ ਧਾਰਮਿਕ ਸੰਸਥਾਵਾਂ ਦੇ ਸੇਵਾਦਾਰ ਹਾਜ਼ਰ ਰਹੇ।

ਜੀਐਮਐਨ ਪਬਲਿਕ ਸਕੂਲ ਦੀ ਪ੍ਰਿੰਸੀਪਲ ਅਤੇ ਚਾਰ ਅਧਿਆਪਕਾਵਾਂ ਨੈਸ਼ਨ ਬਿਲਡਰ ਐਵਾਰਡ ਨਾਲ ਸਨਮਾਨਿਤ

ਪੈ.ਗਾਮ-ਏ-ਜਗਤ/ਅੰਬਾਲਾ
24 ਸਤੰਬਰ (ਆਰ.ਸਿੰਘ)

ਰੋਟਰੀ ਕਲੱਬ ਅੰਬਾਲਾ ਇੰਡਸਟਰੀਅਲ ਏਰੀਆ ਦੀ ਟੀਮ ਨੇ ਪ੍ਰਧਾਨ ਦੀ ਦੀਕਸ਼ਿਤ ਕਪੂਰ ਦੀ ਅਗਵਾਈ ਵਿਚ ਜੀਐਮਐਨ ਪਬਲਿਕ ਸਕੂਲ ਅੰਬਾਲਾ ਕੈਂਟ ਪਹੁੰਚ ਕੇ ਰੋਟਰੀ ਕਲੱਬ ਵੱਲੋਂ ਸਕੂਲ ਪ੍ਰਿੰਸੀਪਲ ਰਿਤੂ ਘਈ ਅਤੇ ਚਾਰ ਅਧਿਆਪਕਾਵਾਂ ਨੂੰ ਉਨ੍ਹਾਂ ਦੇ ਵਿੱਦਿਅਕ ਯੋਗਦਾਨ ਅਤੇ ਸਮਰਪਣ ਨੂੰ ਤਰਜੀਹ ਦਿੰਦਿਆਂ ਨੇਸ਼ਨ ਬਿਲਡਰ ਐਵਾਰਡ ਦੇ ਕੇ ਸਨਮਾਨਿਤ ਕੀਤਾ। ਐਵਾਰਡ ਹਾਸਲ ਕਰਨ ਵਾਲੀਆਂ ਅਧਿਆਪਕਾਵਾਂ ਵਿਚ ਸ਼੍ਰੀਮਤੀ ਸੁਮਨ ਜਗਦੇਵ, ਸ਼੍ਰੀਮਤੀ ਮਮਤਾ



ਗੋਸਾਈਂ, ਸ਼੍ਰੀਮਤੀ ਅੰਨੂ ਕੌਸ਼ਿਕ ਅਤੇ ਸ਼੍ਰੀਮਤੀ ਮਨਪ੍ਰੀਤ ਕੌਰ ਸ਼ਾਮਲ ਸਨ। ਸਕੂਲ ਪ੍ਰਿੰਸੀਪਲ ਰਿਤੂ ਘਈ ਨੂੰ ਸਕੂਲ ਦੀ ਅਕਾਦਮਿਕ ਤਰੱਕੀ, ਪ੍ਰਸ਼ਾਸਨਿਕ ਅਗਵਾਈ ਅਤੇ ਵਿਕਾਸ ਵਿੱਚ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਸ਼੍ਰੀਮਤੀ ਰਿਤੂ ਘਈ ਨੇ ਇਸ ਸਨਮਾਨ ਦਾ ਸਿਹਰਾ ਸਕੂਲ ਪ੍ਰਬੰਧਨ ਨੂੰ ਦਿੰਦੇ ਹੋਏ ਕਿਹਾ ਕਿ ਪ੍ਰਬੰਧਕ ਕਮੇਟੀ ਵੱਲੋਂ ਉਸ ਵਿੱਚ ਰੱਖਿਆ ਗਿਆ ਵਿਸ਼ਵਾਸ, ਨਿਰੰਤਰ ਸਮਰਥਨ ਅਤੇ ਮਾਰਗ ਦਰਸ਼ਨ ਉਸ ਦੀ ਸਭ ਤੋਂ ਵੱਡੀ ਪ੍ਰੇਰਨਾ ਹੈ। ਰਿਤੂ ਘਈ ਨੇ ਕਿਹਾ ਕਿ ਇਹ ਸਨਮਾਨ ਉਸ ਲਈ ਕੋਈ ਨਿੱਜੀ ਪ੍ਰਾਪਤੀ ਨਹੀਂ ਹੈ ਸਗੋਂ ਪੂਰੇ ਸਕੂਲ ਪਰਿਵਾਰ ਅਤੇ ਪ੍ਰਬੰਧਨ ਦੇ ਵਿਸ਼ਵਾਸ ਦੀ ਮਾਨਤਾ ਹੈ।

ਇਸ ਮੌਕੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਸਭਿਆਚਾਰਕ ਪੇਸ਼ਕਾਰੀਆਂ ਦਿੱਤੀਆਂ ਗਈਆਂ। ਬੱਚਿਆਂ ਨੇ ਭੈਣਾਂ-ਭਰਾਵਾਂ ਵਿਚਕਾਰ ਪਿਆਰ ਅਤੇ ਸਨੇਹ ਨੂੰ ਦਰਸਾਉਂਦੇ ਆਪਣੇ ਭਾਵਪੂਰਨ ਛੋਟੇ ਨਾਟਕ ਨਾਲ ਸਾਰਿਆਂ ਨੂੰ ਮੋਹਿਤ ਕੀਤਾ।

ਇਸ ਤੋਂ ਇਲਾਵਾ ਗਣੇਸ਼ ਵਿਸਰਜਨ ’ਤੇ ਇੱਕ ਸੁੰਦਰ ਪੇਸ਼ਕਾਰੀ ਨੇ ਪੂਰੇ ਮਾਹੌਲ ਨੂੰ ਸ਼ਰਧਾ ਨਾਲ ਭਰ ਦਿੱਤਾ।ਰੋਟਰੀ ਕਲੱਬ ਦੇ ਮੈਂਬਰਾਂ ਨੇ ਵਿਦਿਆਰਥੀਆਂ ਦੇ ਸਭਿਆਚਾਰਕ ਪ੍ਰਦਰਸ਼ਨਾਂ ਦੀ ਸ਼ਲਾਘਾ ਕੀਤੀ ਅਤੇ ਸਨਮਾਨਿਤ ਅਧਿਆਪਕਾਵਾਂ ਤੇ ਪ੍ਰਿੰਸੀਪਲ ਸ਼੍ਰੀਮਤੀ ਰਿਤੂ ਘਈ ਦੇ ਕੰਮ ਅਤੇ ਯੋਗਦਾਨ ਦੀ ਵੀ ਪ੍ਰਸ਼ੰਸਾ ਕੀਤੀ।

ਆਦੇਸ਼ ਹਾਰਟ ਸੈਂਟਰ ਨੇ ਮਰੀਜ਼ਾਂ ਦੇ ਵਿਸ਼ਵਾਸ ਨਾਲ ਤਿੰਨ ਸਫਲ ਸਾਲ ਪੂਰੇ ਕੀਤੇ: ਡਾ. ਗੁਣਤਾਸ ਸਿੰਘ ਗਿੱਲ

ਪੈ.ਗਾਮ-ਏ-ਜਗਤ
ਅੰਬਾਲਾ, 24 ਸਤੰਬਰ (ਆਰ.ਸਿੰਘ)

ਜੀ.ਟੀ ਰੋਡ ਤੇ ਮੋਹੜੀ ਸਥਿਤ ਆਦੇਸ਼ ਮੈਡੀਕਲ ਕਾਲਜ ਅਤੇ ਹਸਪਤਾਲ ਵਿਖੇ ਸਥਿਤ ਆਦੇਸ਼ ਹਾਰਟ ਸੈਂਟਰ ਨੇ ਆਪਣੀ ਹੋਂਦ ਦੇ ਤਿੰਨ ਸਫਲ ਸਾਲ ਪੂਰੇ ਕੀਤੇ ਹਨ।

ਡਾਇਰੈਕਟਰ ਅਤੇ ਸੀਨੀਅਰ ਇੰਟਰਵੈਂਸ਼ਨਲ ਕਾਰਡੀਓਲੋਜਿਸਟ ਡਾ. ਗੁਣਤਾਸ ਸਿੰਘ ਗਿੱਲ ਨੇ ਦੱਸਿਆ ਕਿ ਪਿਛਲੇ ਤਿੰਨ ਸਾਲਾਂ ਵਿੱਚ ਆਦੇਸ਼ ਹਾਰਟ ਸੈਂਟਰ ਵਿਖੇ 3,500 ਤੋਂ ਵੱਧ ਐਂਜੀਓਗ੍ਰਾਫੀਆਂ, 2,500 ਐਂਜੀਓਪਲਾਸਟੀ, 500 ਪੇਸਮੇਕਰ ਇੰਪਲਾਂਟ, 500 ਦਿਲ ਦੀਆਂ ਸਰਜਰੀਆਂ ਅਤੇ 1,000 ਤੋਂ ਵੱਧ ਇੰਟਰਵੈਂਸ਼ਨਲ ਰੇਡਿਓਲੋਜੀ ਪ੍ਰਕਿਰਿਆਵਾਂ ਕੀਤੀਆਂ ਗਈਆਂ ਹਨ। ਡਾ. ਗਿੱਲ ਨੇ ਦੱਸਿਆ ਕਿ ਇਹ ਤਿੰਨ ਸਾਲਾਂ ਦਾ ਸਫ਼ਰ ਮਰੀਜ਼ਾਂ ਦੇ ਵਿਸ਼ਵਾਸ, ਡਾਕਟਰਾਂ ਦੀ ਸਖ਼ਤ ਮਿਹਨਤ ਅਤੇ ਪੂਰੀ ਮੈਡੀਕਲ ਟੀਮ ਦੇ ਸਮਰਪਣ ਦਾ ਨਤੀਜਾ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਦਾ ਉਦੇਸ਼ ਖੇਤਰ ਦੇ ਲੋਕਾਂ ਨੂੰ ਦਿਲ ਦੀ ਦੇਖਭਾਲ ਦੀਆਂ ਆਧੁਨਿਕ ਸਹੂਲਤਾਂ ਪ੍ਰਦਾਨ ਕਰਨਾ ਹੈ ਤਾਂ ਜੋ ਦਿਲ ਦੀਆਂ ਗੰਭੀਰ ਬਿਮਾਰੀਆਂ ਵਾਲੇ ਮਰੀਜ਼ਾਂ ਨੂੰ ਇਲਾਜ ਲਈ ਦੂਰ-ਦੁਰਾਡੇ ਦੇ ਵੱਡੇ ਸ਼ਹਿਰਾਂ ਵਿੱਚ ਨਾ ਜਾਣਾ ਪਵੇ। ਡਾ. ਗੁਣਤਾਸ ਸਿੰਘ ਗਿੱਲ ਨੇ ਦੱਸਿਆ ਕਿ ਆਦੇਸ਼ ਹਾਰਟ ਸੈਂਟਰ ਵਿੱਚ ਦਿਲ ਦੀਆਂ ਬਿਮਾਰੀਆਂ ਲਈ ਆਧੁਨਿਕ ਇਲਾਜ ਸਹੂਲਤਾਂ ਅਤੇ ਮਾਹਿਰ ਡਾਕਟਰਾਂ ਦੀ ਇੱਕ ਟੀਮ ਸ਼ਾਮਲ ਹੈ। ਕੇਂਦਰ ਦੀ ਟੀਮ ਵਿੱਚ ਸੀਨੀਅਰ ਇੰਟਰਵੈਨਸ਼ਨਲ ਕਾਰਡੀਓਲੋਜਿਸਟ ਡਾ. ਮਨਿੰਦਰ ਹਰੀਆ, ਕਾਰਡੀਅਕ ਸਰਜਨ ਡਾ. ਅਰੁਣ ਗਰਗ ਅਤੇ ਇੰਟਰਵੈਨਸ਼ਨਲ ਰੇਡੀਓਲੋਜਿਸਟ ਡਾ. ਸਚਿਨ ਮਦਾਨ ਸ਼ਾਮਲ ਹਨ। ਡਾ. ਗਿੱਲ ਨੇ ਦੱਸਿਆ ਕਿ ਆਦੇਸ਼



ਮੈਡੀਕਲ ਕਾਲਜ ਅਤੇ ਹਸਪਤਾਲ ਮਰੀਜ਼ਾਂ ਨੂੰ ਇੱਕ ਛੱਤ ਹੇਠ ਸਭ ਤੋਂ ਵਧੀਆ ਡਾਕਟਰੀ ਦੇਖਭਾਲ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦਾ ਹੈ। ਆਦੇਸ਼ ਹਾਰਟ ਸੈਂਟਰ ਦੀਆਂ ਸੇਵਾਵਾਂ ਤੋਂ ਇਲਾਵਾ, ਆਯੁਸ਼ਮਾਨ ਭਾਰਤ, ਪ੍ਰਾਈਵੇਟ ਟੀਪੀਏ, ਈਸੀਐਚਐਸ, ਹਰਿਆਣਾ ਸਰਕਾਰ, ਉੱਤਰੀ ਰੇਲਵੇ ਅਤੇ ਈਐਸਆਈਸੀ ਦੇ ਅਧੀਨ ਮਰੀਜ਼ ਵੀ ਸ਼ਾਮਲ ਹਨ।

ਤਿੰਨ ਸਾਲ ਪੂਰੇ ਹੋਣ ’ਤੇ ਮਰੀਜ਼ਾਂ, ਉਨ੍ਹਾਂ ਦੇ ਪਰਿਵਾਰਾਂ, ਡਾਕਟਰਾਂ, ਪੈਰਾ ਮੈਡੀਕਲ ਸਟਾਫ ਅਤੇ ਪੂਰੀ ਹਸਪਤਾਲ ਟੀਮ ਦਾ ਧੰਨਵਾਦ ਪ੍ਰਗਟ ਕਰਦੇ ਹੋਏ ਡਾ. ਗੁਣਤਾਸ ਸਿੰਘ ਗਿੱਲ ਨੇ ਕਿਹਾ ਕਿ ਦਿਲ ਦੀਆਂ ਬਿਮਾਰੀਆਂ ਦੇ ਇਲਾਜ ਵਿੱਚ ਆਧੁਨਿਕ ਸਹੂਲਤਾਂ ਅਤੇ ਬਿਹਤਰ ਡਾਕਟਰੀ ਸੇਵਾਵਾਂ ਨੂੰ ਅੱਗੇ ਵਧਾਉਣ ਲਈ ਯਤਨ ਜਾਰੀ ਰਹਿਣਗੇ।

ਰੋਟਰੀ ਕਲੱਬ ਆਫ਼ ਅੰਬਾਲਾ ਨੇ ਟੀਬੀ ਦੇ 20 ਮਰੀਜ਼ਾਂ ਨੂੰ ਪੋਸ਼ਣ ਸੰਬੰਧੀ ਭੋਜਨ ਕਿੱਟਾਂ ਵੰਡੀਆਂ

ਪੈ.ਗਾਮ-ਏ-ਜਗਤ/ਅੰਬਾਲਾ
24 ਸਤੰਬਰ (ਆਰ.ਸਿੰਘ)

ਰੋਟਰੀ ਕਲੱਬ ਆਫ਼ ਅੰਬਾਲਾ ਨੇ ‘ਸੇਵਾ ਸਵੈ ਤੋਂ ਉੱਤੇ’ ਸਿਧਾਂਤ ਦੀ ਪਾਲਣਾ ਕਰਦਿਆਂ ਮਲਹੋਤਰਾ ਮੈਡੀਕਲੀਨਿਕ ਅੰਬਾਲਾ ਕੈਂਟ ਵਿਖੇ ਟੀਬੀ ਦੇ ਮਰੀਜ਼ਾਂ ਲਈ ਇੱਕ ਮਹੀਨਾਵਾਰ ਪੋਸ਼ਣ ਸਹਾਇਤਾ ਪ੍ਰੋਗਰਾਮ ਦਾ ਆਯੋਜਨ ਕੀਤਾ। ਇਸ ਮੌਕੇ ’ਤੇ ਟੀਬੀ ਦੇ 20 ਮਰੀਜ਼ਾਂ ਨੂੰ ਇਲਾਜ ਦੌਰਾਨ ਜ਼ਰੂਰੀ ਪੋਸ਼ਣ ਪ੍ਰਦਾਨ ਕਰਨ ਲਈ ਵਿਸ਼ੇਸ਼ ਤੌਰ ’ਤੇ ਤਿਆਰ ਕੀਤੇ ਗਏ, ਉੱਚ-ਪ੍ਰੋਟੀਨ, ਪੌਸ਼ਟਿਕ ਭੋਜਨ ਦੀਆਂ ਕਿੱਟਾਂ ਵੰਡੀਆਂ। ਇਹ ਪ੍ਰੋਗਰਾਮ ਪਾਸਟ ਰੋਟਰੀ ਇੰਟਰਨੈਸ਼ਨਲ ਡਾਇਰੈਕਟਰ ਵਾਈ.ਪੀ.ਦਾਸ ਦੀ ਜਨਮ ਵਰ੍ਹੇਗੰਢ ਮਨਾਉਣ ਲਈ ਆਯੋਜਿਤ ਕੀਤਾ ਗਿਆ। ਮੁੱਖ ਮਹਿਮਾਨ ਅਤੇ ਇਨਰ ਵ?ਹੀਲ ਕਲੱਬ ਦੀ ਸਾਬਕਾ ਪ੍ਰਧਾਨ ਸ਼੍ਰੀਮਤੀ ਮੰਜੂ ਦਾਸ ਨੇ ਪੋਸ਼ਣ



ਸਹਾਇਤਾ ਮੁਹਿੰਮ ਦੀ ਸ਼ੁਰੂਆਤ ਕੀਤੀ ਅਤੇ ਇਸ ਨੇਕ ਕੰਮ ਲਈ 8,000 ਰੁਪਏ ਦਾ ਯੋਗਦਾਨ ਪਾਇਆ।

ਇਸ ਪ੍ਰੋਗਰਾਮ ਦੀ ਅਗਵਾਈ ਰੋਟਰੀ ਕਲੱਬ ਆਫ਼ ਅੰਬਾਲਾ ਦੇ ਪ੍ਰਧਾਨ ਰੋਟੇਰੀਅਨ ਡਾ. ਵਿਵੇਕ ਮਲਹੋਤਰਾ ਨੇ ਕੀਤੀ। ਕਲੱਬ ਦੇ ਸਕੱਤਰ ਡਾ. ਆਰ.ਆਰ. ਸੂਰੀ ਅਤੇ ਪ੍ਰੋਜੈਕਟ ਡਾਇਰੈਕਟਰ ਰੋਟੇਰੀਅਨ ਸੁਨੀਲ ਅਗਰਵਾਲ ਨੇ ਪ੍ਰੋਗਰਾਮ ਦੇ ਪ੍ਰਬੰਧਾਂ ਅਤੇ ਵੰਡ ਦਾ ਤਾਲਮੇਲ ਕੀਤਾ।

ਇਸ ਮੌਕੇ ਤੇ ਪੀਆਰਆਈਡੀ ਵਾਈ.ਪੀ.ਦਾਸ ਦੇ ਜੀਵਨ ਅਤੇ ਸਮਾਜ ਸੇਵਾ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕਰਨ ਲਈ ਉਨ੍ਹਾਂ ਦੀ ਜੀਵਨੀ ਦੀਆਂ ਛਪੀਆਂ ਕਾਪੀਆਂ ਮੌਜੂਦ ਮੈਂਬਰਾਂ ਅਤੇ ਮਹਿਮਾਨਾਂ ਨੂੰ ਵੰਡੀਆਂ ਗਈਆਂ। ਮੈਂਬਰਾਂ ਨੇ ਉਨ੍ਹਾਂ ਦੇ ਮਾਨਵਤਾਵਾਦੀ ਕਾਰਜਾਂ ਅਤੇ ਸਮਾਜ ਪ੍ਰਤੀ ਯੋਗਦਾਨ ਨੂੰ ਸ਼ਰਧਾ ਨਾਲ ਯਾਦ ਕੀਤਾ।

ਪ੍ਰੋਗਰਾਮ ਵਿੱਚ ਪੀਪੀ ਏ.ਡੀ. ਗਾਂਧੀ, ਡੀਡੀਜੀ ਨਰੇਸ਼ ਭਾਰਦਵਾਜ, ਸੰਦੀਪ ਗੁਪਤਾ, ਪੀਪੀ ਦਿਨੇਸ਼ ਸੇਠੀ, ਪੀਪੀ ਡਾ. ਕੇ.ਕੇ. ਜੈਨ, ਸੰਦੀਪ ਸਿੰਘ ਚੋਪੜਾ, ਪੀਈ ਸੁਰਿੰਦਰ ਗੋਇਲ, ਪੀਪੀ ਆਰ.ਸੀ. ਜੈਨ ਅਤੇ ਵਿਸ਼ਾਲ ਜੈਨ ਸਮੇਤ ਕਈ ਰੋਟੇਰੀਅਨ ਮੈਂਬਰਾਂ ਨੇ ਹਿੱਸਾ ਲਿਆ। ਇਨਰ ਵ?ਹੀਲ ਕਲੱਬ ਦੀ ਪ੍ਰਧਾਨ ਸ਼੍ਰੀਮਤੀ ਰਮਨ ਗੁਲ੍ਹਾਟੀ, ਸਕੱਤਰ ਸੁਮਨ ਕਾਂਤ, ਡਾ. ਨੀਨਾ ਮਲਹੋਤਰਾ, ਸ਼੍ਰੀਮਤੀ ਮੰਜੂ ਨਾਂਦਰਾ ਅਤੇ ਸ਼ਗੁਨ ਦਾਸ ਵੀ ਮੌਜੂਦ ਸਨ।

ਰੋਟਰੀ ਮੈਂਬਰਾਂ ਨੇ ਟੀਬੀ ਦੇ ਮਰੀਜ਼ਾਂ ਨਾਲ ਨਿੱਜੀ ਤੌਰ ’ਤੇ ਗੱਲਬਾਤ ਕੀਤੀ, ਉਨ੍ਹਾਂ ਨੂੰ ਪੌਸ਼ਟਿਕ ਭੋਜਨ ਕਿੱਟਾਂ ਪ੍ਰਦਾਨ ਕੀਤੀਆਂ ਅਤੇ ਉਨ੍ਹਾਂ ਦੀ ਜਲਦੀ ਸਿਹਤਯਾਬੀ ਦੀ ਕਾਮਨਾ ਕੀਤੀ। ਇਸ ਪ੍ਰੋਗਰਾਮ ਦਾ ਸੰਦੇਸ਼ ਪੋਸ਼ਣ ਦੁਆਰਾ ਸੰਸ਼ੋਧਨ, ਸੇਵਾ ਦੁਆਰਾ ਦਇਆ।

ਖਰੜ ਸਿਵਲ ਹਸਪਤਾਲ 'ਚ ਸਿਹਤ ਕਾਰਡ ਵੰਡ ਸਮਾਗਮ, ਗੋਲਡੀ ਨੇ ਕੀਤੀ ਸ਼ਿਰਕਤ

ਖਰੜ, 24 ਸਤੰਬਰ (ਪੈ.ਗਾਮ-ਏ-ਜਗਤ)

ਪੰਜਾਬ ਸਰਕਾਰ ਵੱਲੋਂ ਆਮ ਲੋਕਾਂ ਤੱਕ ਸਿਹਤ ਸੇਵਾਵਾਂ ਅਤੇ ਸਰਕਾਰੀ ਸਿਹਤ ਯੋਜਨਾਵਾਂ ਦਾ ਲਾਭ ਪਹੁੰਚਾਉਣ ਦੇ ਮੰਤਵ ਨਾਲ ਐੱਸ.ਐੱਮ.ਓ. ਡਾ. ਸਰਿਤਾ ਦੀ ਅਗਵਾਈ ਹੇਠ ਸਿਵਲ ਹਸਪਤਾਲ ਖਰੜ ਵਿਖੇ ਮੁੱਖ ਮੰਤਰੀ ਸਿਹਤ ਯੋਜਨਾ (ਐੱਮ.ਐੱਮ.ਐੱਸ.ਵਾਈ.) ਤਹਿਤ ਸਿਹਤ ਕਾਰਡ ਵੰਡ ਸਮਾਗਮ ਕਰਵਾਇਆ ਗਿਆ। ਸਮਾਗਮ ਵਿੱਚ ਚੇਅਰਮੈਨ, ਯੂਥ ਡਿਵੈਲਪਮੈਂਟ ਬੋਰਡ, ਪੰਜਾਬ ਪਰਮਿੰਦਰ ਸਿੰਘ ਗੋਲਡੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਲਾਭਪਾਤਰੀਆਂ ਨੂੰ ਸਿਹਤ ਕਾਰਡ ਵੰਡੇ। ਸਮਾਗਮ ਦੌਰਾਨ ਪਰਮਿੰਦਰ ਸਿੰਘ ਗੋਲਡੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਬਿਹਤਰ ਅਤੇ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ



ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਿਹਤ ਯੋਜਨਾਵਾਂ ਦਾ ਲਾਭ ਹਰ ਯੋਗ ਪਰਿਵਾਰ ਤੱਕ ਪਹੁੰਚਾਉਣਾ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਅਤੇ ਯੋਜਨਾਵਾਂ ਦਾ ਵੱਧ ਤੋਂ ਵੱਧ ਲਾਭ ਲੈਣ। ਇਸ ਮੌਕੇ ਸਿਵਲ ਹਸਪਤਾਲ ਖਰੜ ਦੀ ਐੱਸ.ਐੱਮ.ਓ. ਡਾ. ਸਰਿਤਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਸਪਤਾਲ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਦੇ 1,000 ਤੋਂ ਵੱਧ ਸਿਹਤ ਕਾਰਡਾਂ ਦੀਆਂ ਹਾਰਡ ਕਾਪੀਆਂ ਤਿਆਰ ਹਨ। ਯੋਗ ਲਾਭਪਾਤਰੀ ਸਿਵਲ ਹਸਪਤਾਲ ਖਰੜ ਵਿਖੇ ਪਹੁੰਚ ਕੇ ਆਪਣੇ ਸਿਹਤ ਕਾਰਡ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਕਾਰਡ ਪ੍ਰਾਪਤ ਕਰਕੇ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਲਾਭ ਲੈਣ।

ਸਮਾਗਮ ਦੌਰਾਨ ਸਿਹਤ ਵਿਭਾਗ ਵੱਲੋਂ ਲਾਭਪਾਤਰੀਆਂ ਨੂੰ ਕਾਰਡ ਵੰਡਣ ਦੇ ਨਾਲ-ਨਾਲ ਮੁੱਖ ਮੰਤਰੀ ਸਿਹਤ ਯੋਜਨਾ ਅਤੇ ਹੋਰ ਸਰਕਾਰੀ ਸਿਹਤ ਸਹੂਲਤਾਂ ਸਬੰਧੀ ਲੋੜੀਂਦੀ ਜਾਣਕਾਰੀ ਵੀ ਮੁਹੱਈਆ ਕਰਵਾਈ ਗਈ। ਮੌਜੂਦ ਲੋਕਾਂ ਨੂੰ ਯੋਜਨਾ ਦੇ ਲਾਭ ਅਤੇ ਕਾਰਡ ਦੀ ਵਰਤੋਂ ਸਬੰਧੀ ਵੀ ਜਾਣੂ ਕਰਵਾਇਆ ਗਿਆ। ਇਸ ਮੌਕੇ ਬਲਾਕ ਸਮਿਤੀ ਖਰੜ ਦੇ ਚੇਅਰਮੈਨ ਰਘੁਬੀਰ ਸਿੰਘ ਮੋਦੀ, ਆਪ ਹਲਕਾ ਮੀਡੀਆ ਇੰਚਾਰਜ ਬਲਜੀਤ ਸਿੰਘ, ਰਾਮ ਸਰੂਪ, ਅੰਜੂ ਚੰਦਰਾ, ਸਾਬਕਾ ਪ੍ਰਧਾਨ ਨਗਰ ਕੌਂਸਲ ਖਰੜ, ਬਿੱਟੂ ਜੈਨ, ਯਸ਼ਪਾਲ ਬਾਂਸਲ, ਹਲਕਾ ਚੇਅਰਮੈਨ ਪੰਜਾਬ ਸਟੇਟ ਟ੍ਰੇਡਿੰਗ ਕਮਿਸ਼ਨ ਅਤੇ ਸੁਖਵਿੰਦਰ ਸਿੰਘ ਡਿੰਪਲ ਤੋਂ ਇਲਾਵਾ ਪਾਰਟੀ ਆਗੂ, ਵਲੰਟੀਅਰ ਅਤੇ ਵੱਡੀ ਗਿਣਤੀ ਵਿੱਚ ਸਥਾਨਕ ਲੋਕ ਮੌਜੂਦ ਸਨ।

ਸਿਹਤ ਵਿਭਾਗ ਵੱਲੋਂ ਡਾ. ਸਰਿਤਾ, ਐੱਸ.ਐੱਮ.ਓ., ਡਾ. ਰਮਨ, ਡਾ. ਸੁਖਜੀਤ ਬਾਵਾ, ਡਾ. ਇਸ਼ਾਂਤ, ਡਾ. ਸੁਖਮਨ ਅਤੇ ਡਾ. ਰਾਹੁਲ ਭੱਲਾ ਸਮੇਤ ਹੋਰ ਸਟਾਫ਼ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਿਹਾ।

ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਡਾਕੂਮੈਂਟਰੀ ਪਿੰਡ ਮਗਰ, ਸਵਾੜਾ ਤੇ ਝੰਜੇੜੀ ਵਿਖੇ ਦਿਖਾਈ ਗਈ

ਖਰੜ, 24 ਸਤੰਬਰ (ਪੈ.ਗਾਮ-ਏ-ਜਗਤ)

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਉਲੀਕੇ ਜਾ ਰਹੇ ਸਮਾਗਮਾਂ ਦੀ ਲੜੀ ਤਹਿਤ ਖਰੜ ਬਲਾਕ ਦੇ ਪਿੰਡ ਮਗਰ, ਸਵਾੜਾ ਅਤੇ ਝੰਜੇੜੀ ਵਿਖੇ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ ਜੀਵਨ, ਵਿਚਾਰਧਾਰਾ ਅਤੇ ਸਮਾਜ ਨੂੰ ਦਿੱਤੇ ਮਹਾਨ ਸੰਦੇਸ਼ ਨਾਲ ਸਬੰਧਤ 30 ਮਿੰਟ ਦੀ ਵਿਸ਼ੇਸ਼ ਡਾਕੂਮੈਂਟਰੀ ਫਿਲਮ ਐਲ.ਈ.ਡੀ. ਸਕਰੀਨ ਰਾਹੀਂ ਦਿਖਾਈ ਗਈ।

ਇਸ ਮੌਕੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਸ਼ਰਧਾ ਅਤੇ ਉਤਸ਼ਾਹ ਨਾਲ ਡਾਕੂਮੈਂਟਰੀ ਦੇਖੀ। ਡਾਕੂਮੈਂਟਰੀ ਰਾਹੀਂ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਸਮਾਜ ਵਿੱਚ ਬਰਾਬਰਤਾ, ਭਾਈਚਾਰਕ ਸਾਂਝ, ਮਾਨਵਤਾ ਅਤੇ ਆਪਸੀ ਸਤਿਕਾਰ ਦਾ ਸੰਦੇਸ਼ ਦੇਣ ਲਈ ਕੀਤੇ ਗਏ ਮਹਾਨ ਕਾਰਜਾਂ ਨੂੰ ਦਰਸਾਇਆ ਗਿਆ।



ਉੱਪ ਮੰਡਲ ਮੈਜਿਸਟ੍ਰੇਟ, ਖਰੜ ਸ੍ਰੀ ਗੁਰਮੀਤ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਹ ਵਿਸ਼ੇਸ਼ ਡਾਕੂਮੈਂਟਰੀ ਪਿੰਡ-ਪਿੰਡ ਦਿਖਾਈ ਜਾ ਰਹੀ ਹੈ, ਤਾਂ ਜੋ ਲੋਕ ਵਿਸ਼ੇਸ਼ ਤੌਰ 'ਤੇ ਨੌਜਵਾਨ ਪੀੜ੍ਹੀ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ ਜੀਵਨ, ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਸਮਾਜ ਨੂੰ ਦਿੱਤੇ ਬਰਾਬਰੀ ਤੇ ਮਾਨਵਤਾ ਦੇ ਸੰਦੇਸ਼ ਤੋਂ ਜਾਣੂ ਹੋ ਸਕੇ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਨੇ ਆਪਣੀ ਬਾਣੀ ਅਤੇ ਵਿਚਾਰਾਂ ਰਾਹੀਂ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਅਤੇ ਉਚ-ਨੀਚ ਦੇ ਵਿਰੁੱਧ ਆਵਾਜ਼ ਬੁਲੰਦ ਕਰਦਿਆਂ ਸਾਰੇ ਮਨੁੱਖਾਂ ਨੂੰ ਬਰਾਬਰ ਸਮਝਣ ਅਤੇ ਆਪਸੀ ਪਿਆਰ, ਸਤਿਕਾਰ ਤੇ ਭਾਈਚਾਰਕ ਸਾਂਝ ਨਾਲ ਰਹਿਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਦੀਆਂ ਸਿੱਖਿਆਵਾਂ ਅੱਜ ਵੀ ਸਮਾਜ ਲਈ ਪ੍ਰੇਰਣਾ ਦਾ ਸਰੋਤ ਹਨ। ਇਸ ਮੌਕੇ ਪਿੰਡਾਂ ਦੇ ਵਸਨੀਕਾਂ ਨੇ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵੀਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ।

ਉਨ੍ਹਾਂ ਕਿਹਾ ਕਿ ਐਲ.ਈ.ਡੀ. ਸਕਰੀਨ ਰਾਹੀਂ ਦਿਖਾਈ ਜਾ ਰਹੀ ਡਾਕੂਮੈਂਟਰੀ ਰਾਹੀਂ ਗੁਰੂ ਸਾਹਿਬ ਦੇ ਜੀਵਨ ਅਤੇ ਉਨ੍ਹਾਂ ਦੀ ਮਹਾਨ ਵਿਚਾਰਧਾਰਾ ਨੂੰ ਸਰਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸਮਝਣ ਦਾ ਮੌਕਾ ਮਿਲ ਰਿਹਾ ਹੈ। ਡਾਕੂਮੈਂਟਰੀ ਦੌਰਾਨ ਹਾਜ਼ਰ ਲੋਕਾਂ ਨੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਅਤੇ ਸਮਾਜ ਵਿੱਚ ਭਾਈਚਾਰਕ ਸਾਂਝ, ਬਰਾਬਰੀ ਤੇ ਮਾਨਵਤਾ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨ ਦਾ ਸੰਦੇਸ਼ ਵੀ ਦਿੱਤਾ।

ਟੀ.ਐਸ.ਯੂ. ਮੁਹਾਲੀ ਦੀਆਂ ਸਬ ਯੂਨਿਟਾਂ ਦੀਆਂ ਚੋਣਾਂ ਸਰਬਸੰਮਤੀ ਨਾਲ ਮੁਕੰਮਲ

ਮੁਹਾਲੀ, 24 ਸਤੰਬਰ (ਪੈ.ਗਾਮ-ਏ-ਜਗਤ)

ਟੈਕਨੀਕਲ ਸਰਵਿਸਜ਼ ਯੂਨੀਅਨ ਰਜਿ. 49, ਪੰਜਾਬ ਦੀ ਸੂਬਾ ਕਮੇਟੀ ਦੀ ਚੋਣ ਨੋਟੀਫਿਕੇਸ਼ਨ ਟੀ.ਐਸ.ਯੂ./287 ਮਿਤੀ 11 ਸਤੰਬਰ, 2026 ਦੀ ਪਾਲਣਾ ਹਿੱਤ ਅੱਜ 24 ਸਤੰਬਰ, 2026 ਨੂੰ ਓ. ਐਂਡ ਐਮ. ਡਵੀਜ਼ਨ ਮੁਹਾਲੀ ਅਧੀਨ ਆਉਂਦੀਆਂ ਏ.ਈ.ਟੀ.ਐਲ. ਅਤੇ 66 ਕੇ.ਵੀ. ਸਬ ਡਵੀਜ਼ਨ ਮੁਹਾਲੀ ਦੀਆਂ ਸਬ ਯੂਨਿਟਾਂ ਦੀਆਂ ਜਥੇਬੰਦਕ ਚੋਣਾਂ ਸਰਕਲ ਕਮੇਟੀ ਮੁਹਾਲੀ ਦੀ ਨਿਗਰਾਨੀ ਹੇਠ ਮੁਕੰਮਲ ਕੀਤੀਆਂ ਗਈਆਂ। ਏ.ਈ.ਟੀ.ਐਲ. ਸਬ



ਡਵੀਜ਼ਨ ਲਈ ਹਰਜੀਤ ਸਿੰਘ, ਲਾਇਨਮੈਨ ਨੂੰ ਪ੍ਰਧਾਨ, ਗਗਨਦੀਪ ਸਿੰਘ, ਸਹਾਇਕ ਲਾਇਨਮੈਨ ਨੂੰ ਮੀਤ ਪ੍ਰਧਾਨ, ਮਨਜੀਤ ਸਿੰਘ, ਲਾਇਨਮੈਨ ਨੂੰ ਸਕੱਤਰ, ਅਮਿਤ ਕੁਮਾਰ, ਸਹਾਇਕ ਲਾਇਨਮੈਨ ਨੂੰ ਸਹਾਇਕ ਸਕੱਤਰ ਅਤੇ ਸੁਨੀਲ ਕੁਮਾਰ, ਲਾਇਨਮੈਨ ਨੂੰ ਕੈਸ਼ੀਅਰ ਚੁਣਿਆ ਗਿਆ। ਇਸੇ ਤਰ੍ਹਾਂ 66 ਕੇ.ਵੀ. ਸਬ ਡਵੀਜ਼ਨ ਮੁਹਾਲੀ ਲਈ ਬਾਬੂ ਨੰਦ, ਆਰ.ਟੀ.ਐਮ. ਨੂੰ ਪ੍ਰਧਾਨ, ਦਲਜੀਤ ਸਿੰਘ, ਸਹਾਇਕ ਲਾਇਨਮੈਨ ਨੂੰ ਮੀਤ ਪ੍ਰਧਾਨ, ਸੁਨੀਲ ਕੁਮਾਰ, ਏ.ਐਸ.ਐਸ.ਏ. ਨੂੰ ਸਕੱਤਰ, ਗੌਰਵ ਠੁਕਰਾਲ, ਏ.ਐਸ.ਐਸ.ਏ. ਨੂੰ ਸਹਾਇਕ ਸਕੱਤਰ ਅਤੇ ਅਖਿਲ ਸ਼ਰਮਾ, ਏ.ਐਲ.ਐਮ. ਨੂੰ ਕੈਸ਼ੀਅਰ ਚੁਣਿਆ ਗਿਆ। ਉਪਰੋਕਤ ਅਹੁਦੇਦਾਰਾਂ ਦੀ ਚੋਣ ਸਬ ਡਵੀਜ਼ਨਾਂ ਦੇ ਸਮੂਹ ਮੈਂਬਰਾਂ ਦੀ ਹਾਜ਼ਰੀ ਵਿੱਚ ਸ਼ਾਂਤਮਈ ਢੰਗ ਨਾਲ ਸਰਬਸੰਮਤੀ ਨਾਲ ਕੀਤੀ ਗਈ, ਜਿਸ ਨੂੰ ਡਵੀਜ਼ਨ ਕਮੇਟੀ ਵੱਲੋਂ ਮਾਨਤਾ ਦਿੱਤੀ ਗਈ। ਇਸ ਮੌਕੇ ਜਤਿੰਦਰ ਸਿੰਘ, ਗੁਰਬਖਸ਼ ਸਿੰਘ ਸਰਕਲ ਪ੍ਰਧਾਨ ਅਤੇ ਲੱਖਾ ਸਿੰਘ ਕਨਵੀਨਰ ਨੇ ਸੰਬੋਧਨ ਕਰਦਿਆਂ ਨਵੀਂ ਚੁਣੀਆਂ ਗਈਆਂ ਕਮੇਟੀਆਂ ਨੂੰ ਵਧਾਈ ਦਿੱਤੀ ਅਤੇ ਆਉਣ ਵਾਲੇ ਸੰਘਰਸ਼ਾਂ ਲਈ ਲਾਮਬੰਦ ਕੀਤਾ।

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਅੱਜ

ਸੰਗਰੂਰ, 24 ਸਤੰਬਰ (ਪੈ.ਗਾਮ-ਏ-ਜਗਤ)

ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੋਜ਼ਗਾਰ ਦੇ ਸੁਚੱਜੇ ਅਵਸਰ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ , ਸੰਗਰੂਰ ਵੱਲੋਂ 'ਮੁਥੂਟ ਮਾਈਕ੍ਰੋਫਿਨ ਲਿਮਟਿਡ' ਦੇ ਸਹਿਯੋਗ ਨਾਲ ਮਿਤੀ 25 ਸਤੰਬਰ 2026 ਦਿਨ ਸ਼ੁੱਕਰਵਾਰ ਨੂੰ ਇੱਕ ਵਿਸ਼ੇਸ਼ ਪਲੇਸਮੈਂਟ ਕੈਂਪ ਲਾਇਆ ਜਾ ਰਿਹਾ ਹੈ। ਇਹ ਕੈਂਪ ਸਵੇਰੇ 10:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਡੀ.ਸੀ. ਕੰਪਲੈਕਸ, ਸੰਗਰੂਰ ਵਿਖੇ ਲਗਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਰਵਿੰਦਰ ਸਿੰਘ ਨੇ ਦੱਸਿਆ ਕਿ ਇਸ ਇੰਟਰਵਿਊ ਦੌਰਾਨ ਕੰਪਨੀ ਵੱਲੋਂ ਰਿਲੇਸ਼ਨਸ਼ਿਪ ਅਫ਼ਸਰ, ਟੈਰੀਟਰੀ ਸੇਲਜ਼ ਅਫ਼ਸਰ ਅਤੇ ਆਰ.ਓ.-ਐੱਮ.ਐੱਸ.ਐੱਮ.ਈ. ਦੀਆਂ ਆਸਾਮੀਆਂ ਲਈ ਯੋਗ ਲੜਕੇ ਅਤੇ ਲੜਕੀਆਂ ਦੀ ਚੋਣ ਕੀਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਆਸਾਮੀਆਂ ਲਈ ਉਮੀਦਵਾਰ ਦੀ ਵਿਦਿਅਕ ਯੋਗਤਾ ਘੱਟੋ-ਘੱਟ 12ਵੀਂ ਪਾਸ ਜਾਂ ਗ੍ਰੈਜੂਏਟ ਅਤੇ ਉਮਰ 20 ਤੋਂ 36 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ। ਟੈਰੀਟਰੀ ਸੇਲਜ਼ ਅਫ਼ਸਰ ਲਈ ਉਮੀਦਵਾਰ ਕੋਲ ਘੱਟੋ-ਘੱਟ 6 ਮਹੀਨੇ ਦਾ ਐੱਲ.ਏ.ਪੀ. ਅਤੇ ਆਰ.ਓ.-ਐੱਮ.ਐੱਸ.ਐੱਮ.ਈ. ਦੀ ਆਸਾਮੀ ਲਈ ਘੱਟੋ-ਘੱਟ 6 ਮਹੀਨੇ ਦਾ ਗੋਲਡ ਲੋਨ ਖੇਤਰ ਵਿੱਚ ਤਜਰਬਾ ਹੋਣਾ ਲਾਜ਼ਮੀ ਹੈ। ਇਸ ਤੋਂ ਇਲਾਵਾ ਉਮੀਦਵਾਰ ਕੋਲ ਆਪਣਾ ਦੋ-ਪਹੀਆ ਵਾਹਨ ਅਤੇ ਵੈਧ ਡਰਾਈਵਿੰਗ ਲਾਇਸੈਂਸ ਹੋਣਾ ਵੀ ਜ਼ਰੂਰੀ ਹੈ।


ਜ਼ਿਲ੍ਹਾ ਰੋਜ਼ਗਾਰ ਅਫ਼ਸਰ ਨੇ ਜ਼ਿਲ੍ਹੇ ਦੇ ਬੇਰੋਜ਼ਗਾਰ ਯੋਗ ਉਮੀਦਵਾਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਸੁਨਹਿਰੀ ਮੌਕੇ ਦਾ ਵੱਧ ਤੋਂ ਵੱਧ ਲਾਭ ਉਠਾਉਣ। ਚਾਹਵਾਨ ਪ੍ਰਾਰਥੀ ਆਪਣੇ ਨਾਲ ਆਪਣਾ ਨਵੀਨਤਮ ਰਿਜ਼ਊਮ ਅਤੇ ਵਿਦਿਅਕ ਯੋਗਤਾ ਦੇ ਸਾਰੇ ਮੂਲ ਸਰਟੀਫਿਕੇਟਾਂ ਦੀਆਂ ਫੋਟੋ ਕਾਪੀਆਂ ਲੈ ਕੇ ਨਿਸ਼ਚਿਤ ਸਮੇਂ 'ਤੇ ਪਹੁੰਚਣ। ਇਸ ਇੰਟਰਵਿਊ ਵਿੱਚ ਭਾਗ ਲੈਣ ਲਈ ਕੋਈ ਟੀ.ਏ., ਡੀ.ਏ. ਨਹੀਂ ਦਿੱਤਾ ਜਾਵੇਗਾ। ਵਧੇਰੇ ਜਾਣਕਾਰੀ ਲਈ ਚਾਹਵਾਨ ਉਮੀਦਵਾਰ ਕਿਸੇ ਵੀ ਕੰਮਕਾਜ ਵਾਲੇ ਦਿਨ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸੰਗਰੂਰ ਦੇ ਦਫ਼ਤਰ ਵਿਖੇ ਸੰਪਰਕ ਕਰ ਸਕਦੇ ਹਨ।

ਪੰਜਾਬ ਸਕਤਰੇਤ ਰਿਟਾਇਰਡ ਅਫਸਰ ਐਸੋਸੀਏਸ਼ਨ ਦੀ ਮੀਟਿੰਗ 27 ਨੂੰ

ਐਸ.ਏ.ਐਸ. ਨਗਰ, 24 ਸਤੰਬਰ (ਪੈ.ਗਾਮ-ਏ-ਜਗਤ)

ਪੰਜਾਬ ਸੈਕਰੀਟੇਰੀਅਟ ਸਰਵਿਸਿਜ਼ (ਰਿਟਾਇਰਡ ਆਫਿਸਰਜ਼) ਐਸੋਸੀਏਸ਼ਨ ਦੇ ਪ੍ਰਧਾਨ ਸ਼ਿਆਮ ਲਾਲ ਸ਼ਰਮਾ ਨੇ ਦੱਸਿਆ ਕਿ ਐਸੋਸੀਏਸ਼ਨ ਦੀ ਜਨਰਲ ਬਾਡੀ ਦੀ ਮੀਟਿੰਗ 27 ਸਤੰਬਰ ਨੂੰ ਚੰਡੀਗੜ੍ਹ ਵਿਖੇ ਹੋਵੇਗੀ। ਇਸ ਮੀਟਿੰਗ ਵਿੱਚ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

ਉਹਨਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਡੀ. ਏ. ਸੰਬੰਧੀ ਡਿਵੀਜ਼ਨਲ ਬੈਂਚ ਵੱਲੋਂ ਦਿੱਤੇ ਗਏ ਫੈਸਲੇ ਅਨੁਸਾਰ 18 ਫੀਸਦੀ ਡੀ ਏ ਅਤੇ ਬਣਦੇ ਸਾਰੇ ਬਕਾਏ 6 ਫੀਸਦੀ ਵਿਆਜ ਸਮੇਤ ਦਿੱਤੇ ਜਾਣ। ਪੈਨਸ਼ਨਰਾਂ ਦੀ ਪੈਨਸ਼ਨ 2.59 ਫਾਰਮੂਲੇ ਅਨੁਸਾਰ ਸੋਧੀ ਜਾਵੇ। ਪੈਨਸ਼ਨਰਜ਼ ਅਤੇ ਕਰਮਚਾਰੀਆਂ ਤੇ ਜੋ 200 ਰੁਪਏ ਪ੍ਰਤੀ ਮਹੀਨਾ ਡਿਵੈਲਪਮੈਂਟ ਚਾਰਜ ਵਸੂਲ ਕੀਤਾ ਜਾ ਰਿਹਾ ਹੈ, ਉਹ ਵਾਪਸ ਲਿਆ ਜਾਵੇ। ਬੱਧਵਾਂ ਮੈਡੀਕਲ ਅਲਾਉਂਸ 1000 ਰੁਪਏ ਤੋਂ ਵਧਾ ਕੇ 3000 ਪ੍ਰਤੀ ਮਹੀਨਾ ਕੀਤਾ ਜਾਵੇ। ਮੈਡੀਕਲ ਇਲਾਜ ਸਬੰਧੀ ਪੈਨਸ਼ਨਰਾਂ ਵੱਲੋਂ ਖਰਚੇ ਦੀ ਪ੍ਰਤੀ ਪੂਰਤੀ ਲਈ ਜੋ ਬਿਲ ਪੇਸ਼ ਕੀਤੇ ਜਾਂਦੇ ਹਨ ਉਹਨਾਂ ਦੀ ਪ੍ਰਤੀ ਪੂਰਤੀ ਬਿਨਾਂ ਕਿਸੇ ਦੇਰੀ ਤੋਂ ਕੀਤੀ ਜਾਵੇ ਤਾਂ ਜੋ ਪੈਨਸ਼ਨਰਜ਼/ ਸੀਨੀਅਰ ਸਿਟੀਜਨਜ਼ ਨੂੰ ਆ ਰਹੀਆਂ ਦਿੱਕਤਾਂ ਨੂੰ ਦੂਰ ਕੀਤਾ ਜਾ ਸਕੇ।



ਉਹਨਾਂ ਕਿਹਾ ਕਿ ਮਾਨਯੋਗ ਹਾਈਕੋਰਟ ਵੱਲੋਂ ਆਪਣੇ ਫੈਸਲੇ ਵਿੱਚ ਮਿਤੀ 3 ਅਗਸਤ 2026 ਵਿੱਚ 14 ਦਿਨਾਂ ਦੇ ਅੰਦਰ-ਅੰਦਰ ਅਦਾਇਗੀ ਕਰਨ ਲਈ ਕਿਹਾ ਗਿਆ ਸੀ ਅਤੇ ਇਹ ਸਮਾਂ 17 ਅਗਸਤ ਨੂੰ ਪੂਰਾ ਹੋ ਗਿਆ ਹੈ। ਇਸ ਤੋਂ ਪਹਿਲਾਂ ਸਿੰਗਲ ਬੈਂਚ ਵੱਲੋਂ 8 ਅਪ੍ਰੈਲ 2026 ਨੂੰ ਦਿੱਤੇ ਆਪਣੇ ਫੈਸਲੇ ਰਾਹੀਂ 30 ਜੂਨ 2026 ਤੱਕ ਅਦਾਇਗੀ ਕਰਨ ਲਈ ਕਿਹਾ ਗਿਆ ਸੀ।

ਉਹਨਾਂ ਕਿਹਾ ਕਿ ਸਰਕਾਰ ਨੂੰ ਮਾਨਯੋਗ ਸੁਪਰੀਮ ਕੋਰਟ ਤੋਂ ਵੀ ਅਜੇ ਤੱਕ ਕੋਈ ਰਾਹਤ ਨਹੀਂ ਮਿਲੀ ਹੈ ਅਤੇ ਸਰਕਾਰ ਵੱਲੋਂ ਦਾਇਰ ਕੀਤੀ ਗਈ ਐਸ ਐਲ ਪੀ ਪੈਡਿੰਗ ਪਈ ਹੈ, ਜਿਸ ਵਿੱਚ ਕੁੱਝ ਤਰੁੱਟੀਆਂ ਹਨ। ਇਸ ਲਈ ਮਾਨਯੋਗ ਹਾਈਕੋਰਟ ਦਾ ਫੈਸਲਾ ਤੁਰੰਤ ਲਾਗੂ ਕੀਤਾ ਜਾਵੇ ਅਤੇ ਜੇਕਰ ਸਰਕਾਰ ਸ਼ਰਤ ਲਗਾਉਣਾ ਚਾਹੁੰਦੀ ਹੈ ਤਾਂ ਫੈਸਲਾ ਲਾਗੂ ਕਰਦੇ ਹੋਏ ਲਿਖ ਸਕਦੀ ਹੈ ਕਿ ਇਹ ਫੈਸਲਾ ਮਾਨਯੋਗ ਸੁਪਰੀਮ ਕੋਰਟ ਵੱਲੋਂ ਕੀਤੇ ਜਾਣ ਵਾਲੇ ਫੈਸਲੇ ਤੇ ਨਿਰਭਰ ਹੋਵੇਗਾ। ਇਸ ਮੌਕੇ ਮਨੋਹਰ ਸਿੰਘ ਮੱਕੜ, ਉਮਾਕਾਂਤ ਤਿਵਾਰੀ, ਬੀ ਐਸ ਸੋਢੀ, ਅਮਰਜੀਤ ਸਿੰਘ ਵਾਲੀਆ, ਸੁਰਜੀਤ ਸਿੰਘ ਸ਼ੀਤਲ, ਧੰਨਾ ਸਿੰਘ, ਕਰਨੈਲ ਸਿੰਘ ਸੈਣੀ, ਚੰਦਰ ਸੁਰੇਖਾ, ਸਤਨਾਮ ਕੌਰ, ਆਸ਼ਾ ਸੂਦ, ਜਸਵਿੰਦਰ ਕੌਰ ਬਤਰਾ ਹਾਜ਼ਰ ਸਨ।

ਰਾਸ਼ਟਰੀ ਬਾਲ ਰੇਡੀਓਲੋਜੀ ਕਾਨਫਰੰਸ ਵਿੱਚ ਪੀਜੀਆਈਐਮਈਆਰ ਫੈਕਲਟੀ ਨੂੰ ਵੱਕਾਰੀ ਸਨਮਾਨ ਪ੍ਰਾਪਤ

ਚੰਡੀਗੜ੍ਹ, 24 ਸਤੰਬਰ (ਪੈ.ਗਾਮ-ਏ-ਜਗਤ)

ਡਾ. ਕੁਸ਼ਲਜੀਤ ਸਿੰਘ ਸੋਢੀ, ਪ੍ਰੋਫੈਸਰ, ਰੇਡੀਓਡਾਇਗਨੋਸਿਸ ਵਿਭਾਗ, ਪੀਜੀਆਈਐਮਈਆਰ ਨੂੰ 18 ਤੋਂ 20 ਸਤੰਬਰ 2026 ਤੱਕ ਕੋਲਕਾਤਾ ਵਿੱਚ ਹੋਈ 24ਵੀਂ ਸਾਲਾਨਾ ਕਾਨਫਰੰਸ ਵਿੱਚ ਇੰਡੀਅਨ ਸੋਸਾਇਟੀ ਆਫ਼ ਪੀਡੀਆਟ੍ਰਿਕ ਰੇਡੀਓਲੋਜੀ ਦੇ ਰਾਸ਼ਟਰੀ ਪ੍ਰਧਾਨ ਵਜੋਂ ਚੁਣਿਆ ਗਿਆ ਅਤੇ ਉਨ੍ਹਾਂ ਨੇ ਅਹੁਦਾ ਸੰਭਾਲਿਆ।

ਡਾ. ਅਨਮੋਲ ਭਾਟੀਆ, ਐਡੀਸ਼ਨਲ ਪ੍ਰੋਫੈਸਰ, ਰੇਡੀਓਡਾਇਗਨੋਸਿਸ ਐਂਡ ਇਮੇਜਿੰਗ ਵਿਭਾਗ, ਪੀਜੀਆਈਐਮਈਆਰ, ਨੂੰ ISPR ਦੇ ਵੱਕਾਰੀ ਪ੍ਰੋ. ਅਰਕੋਟ ਗਜਰਾਜ ਐਂਡੋਮੈਂਟ ਓਰੇਸ਼ਨ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ "ਬੱਚਿਆਂ ਵਿੱਚ ਸ਼ੀਅਰ ਵੇਵ ਇਲਾਸਟੋਗ੍ਰਾਫੀ: ਹੁਣ ਤੱਕ ਦਾ ਸਫ਼ਰ"ਸਿਰਲੇਖ ਹੇਠ ਭਾਸ਼ਣ ਦਿੱਤਾ।

ਫੈਕਲਟੀ ਮੈਂਬਰਾਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ 'ਤੇ ਵਧਾਈ ਦਿੰਦਿਆਂ, ਡਾ. ਅਕਸ਼ੈ ਕੁਮਾਰ ਸਕਸੈਨਾ, ਪ੍ਰੋਫੈਸਰ ਅਤੇ ਮੁਖੀ, ਰੇਡੀਓਡਾਇਗਨੋਸਿਸ ਐਂਡ ਇਮੇਜਿੰਗ ਵਿਭਾਗ, ਪੀਜੀਆਈਐਮਈਆਰ, ਨੇ ਕਿਹਾ ਕਿ ਸੰਸਥਾ ਅਤੇ ਵਿਭਾਗ ਦੋਵਾਂ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਇਸ ਦੇ ਫੈਕਲਟੀ ਨੂੰ ਵੱਕਾਰੀ ਸਨਮਾਨ ਪ੍ਰਾਪਤ ਹੋ ਰਹੇ ਹਨ ਅਤੇ ਉਹ ਰਾਸ਼ਟਰੀ ਮੰਚ 'ਤੇ ਲੀਡਰਸ਼ਿਪ ਅਹੁਦਿਆਂ 'ਤੇ ਪਹੁੰਚ ਰਹੇ ਹਨ।

30 ਸਤੰਬਰ ਤੱਕ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ 'ਤੇ 10 ਫੀਸਦੀ ਰਿਬੇਟ ਦਾ ਲਾਭ ਲੈਣ ਸ਼ਹਿਰ ਵਾਸੀ: ਕਮਿਸ਼ਨਰ ਨਗਰ ਨਿਗਮ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, 24 ਸਤੰਬਰ (ਪੈ.ਗਾਮ-ਏ-ਜਗਤ)

ਕਮਿਸ਼ਨਰ, ਨਗਰ ਨਿਗਮ, ਐਸ.ਏ.ਐਸ. ਨਗਰ ਸ੍ਰੀ ਸੰਦੀਪ ਸਿੰਘ ਗਾੜ੍ਹਾ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਸਾਲ 2026-27 ਦਾ ਪ੍ਰਾਪਰਟੀ ਟੈਕਸ 30 ਸਤੰਬਰ 2026 ਤੱਕ ਜਮ੍ਹਾਂ ਕਰਵਾਉਣ 'ਤੇ 10 ਫੀਸਦੀ ਰਿਬੇਟ ਦਾ ਲਾਭ ਦਿੱਤਾ ਜਾ ਰਿਹਾ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਿਰਧਾਰਤ ਮਿਤੀ ਤੋਂ ਪਹਿਲਾਂ ਆਪਣਾ ਬਣਦਾ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾ ਕੇ 10 ਫੀਸਦੀ ਰਿਬੇਟ ਦਾ ਲਾਭ ਪ੍ਰਾਪਤ ਕਰਨ। ਉਨ੍ਹਾਂ ਦੱਸਿਆ ਕਿ ਪ੍ਰਾਪਰਟੀ ਮਾਲਕਾਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ 26 ਅਤੇ 27 ਸਤੰਬਰ 2026 ਨੂੰ ਸ਼ਨੀਵਾਰ ਅਤੇ ਐਤਵਾਰ ਨੂੰ ਵੀ ਪ੍ਰਾਪਰਟੀ ਟੈਕਸ ਸ਼ਾਖਾ ਦਾ ਦਫ਼ਤਰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਖੁੱਲ੍ਹਾ ਰਹੇਗਾ, ਤਾਂ ਜੋ ਸ਼ਹਿਰ ਵਾਸੀ ਆਪਣਾ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾ ਸਕਣ। ਕਮਿਸ਼ਨਰ ਨਗਰ ਨਿਗਮ ਨੇ ਦੱਸਿਆ ਕਿ ਜਿਨ੍ਹਾਂ ਪ੍ਰਾਪਰਟੀ ਮਾਲਕਾਂ ਵੱਲੋਂ ਅਜੇ ਤੱਕ ਆਪਣੀ ਪ੍ਰਾਪਰਟੀ ਆਈ.ਡੀ. ਨਹੀਂ ਬਣਵਾਈ ਗਈ, ਉਹ ਆਪਣੀ ਪ੍ਰਾਪਰਟੀ ਨਾਲ ਸਬੰਧਤ ਲੋੜੀਂਦੇ ਦਸਤਾਵੇਜ਼ ਨਗਰ ਨਿਗਮ ਦੀ ਪ੍ਰਾਪਰਟੀ ਟੈਕਸ ਸ਼ਾਖਾ ਵਿੱਚ ਜਮ੍ਹਾਂ ਕਰਵਾ ਕੇ ਪ੍ਰਾਪਰਟੀ ਆਈ.ਡੀ. ਬਣਵਾ ਸਕਦੇ ਹਨ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ 30 ਸਤੰਬਰ ਤੋਂ ਪਹਿਲਾਂ ਪ੍ਰਾਪਰਟੀ ਟੈਕਸ ਜਮ?ਹਾਂ ਕਰਵਾ ਕੇ 10 ਫੀਸਦੀ ਰਿਬੇਟ ਦਾ ਲਾਭ ਲੈਣ ਅਤੇ ਨਗਰ ਨਿਗਮ ਵੱਲੋਂ ਸ਼ਹਿਰ ਵਿੱਚ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਵਿੱਚ ਆਪਣਾ ਯੋਗਦਾਨ ਪਾਉਣ।

ਕੁਮਾਰੀ ਸ਼ੈਲਜਾ ਨੇ ਹਮੇਸ਼ਾ ਹਰ ਵਰਗ ਦੀ ਆਵਾਜ਼ ਨੂੰ ਮਜ਼ਬੂਤੀ ਨਾਲ ਉਠਾਇਆ : ਮਨੋਜ ਰਾਠੀ

- ਕਾਂਗਰਸ ਆਗੂ ਨੇ ਗਊ ਸੇਵਾ ਨਾਲ ਮਨਾਇਆ ਕੁਮਾਰੀ ਸ਼ੈਲਜਾ ਦਾ ਜਨਮ ਦਿਨ, ਕਈ ਵਰਕਰ ਰਹੇ ਮੌਜੂਦ

ਪੈ.ਗਾਮ-ਏ-ਜਗਤ ਹਾਂਸੀ (ਦਿਨਕਰ ਗਾਵੜੀ)

ਸੀਨੀਅਰ ਕਾਂਗਰਸ ਆਗੂ ਮਨੋਜ ਰਾਠੀ ਨੇ ਕਾਂਗਰਸ ਦੀ ਸੀਨੀਅਰ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਕੁਮਾਰੀ ਸ਼ੈਲਜਾ ਦਾ ਜਨਮ ਦਿਨ ਹਾਂਸੀ ਸਥਿਤ ਸ੍ਰੀ ਰਾਮ ਵਿਕਲਾਂਗ ਗਊਸ਼ਾਲਾ ਵਿੱਚ ਗਊ ਸੇਵਾ ਕਰਕੇ ਮਨਾਇਆ। ਇਸ ਮੌਕੇ ਉਨ੍ਹਾਂ ਨੇ ਗਊਸ਼ਾਲਾ ਵਿੱਚ ਗਾਵਾਂ ਨੂੰ ਪੱਠੇ ਖੁਆਏ ਅਤੇ ਉਨ੍ਹਾਂ ਦੀ ਸੇਵਾ ਕੀਤੀ।

ਮਨੋਜ ਰਾਠੀ ਨੇ ਕੁਮਾਰੀ ਸ਼ੈਲਜਾ ਦੇ ਸਿਹਤਮੰਦ, ਲੰਬੀ ਉਮਰ ਅਤੇ ਸੁਖਦ ਜੀਵਨ ਦੀ ਕਾਮਨਾ ਕਰਦਿਆਂ ਕਿਹਾ ਕਿ ਸਮਾਜ ਸੇਵਾ ਅਤੇ ਲੋੜਵੰਦਾਂ ਦੀ ਸੇਵਾ ਨੂੰ ਜੀਵਨ ਦਾ ਹਿੱਸਾ ਬਣਾਉਣਾ ਹੀ ਕਿਸੇ ਵੀ ਸ਼ੁਭ ਮੌਕੇ ਨੂੰ ਸਾਰਥਕ ਬਣਾਉਣ ਦਾ ਸਭ ਤੋਂ ਵਧੀਆ ਮਾਧਿਅਮ ਹੈ। ਉਨ੍ਹਾਂ ਕਿਹਾ ਕਿ ਕੁਮਾਰੀ ਸ਼ੈਲਜਾ ਨੇ ਲੰਬੇ ਸਮੇਂ ਤੋਂ ਜਨਤਕ ਜੀਵਨ ਵਿੱਚ



ਰਹਿ ਕੇ ਸਮਾਜ ਦੇ ਵੱਖ-ਵੱਖ ਵਰਗਾਂ ਦੀ ਆਵਾਜ਼ ਨੂੰ ਮਜ਼ਬੂਤੀ ਨਾਲ ਉਠਾਇਆ ਹੈ। ਉਨ੍ਹਾਂ ਦੇ ਜਨਮ ਦਿਨ ਦੇ ਮੌਕੇ 'ਤੇ ਗਊਸ਼ਾਲਾ ਵਿੱਚ ਸੇਵਾ ਕਾਰਜ ਕਰਨ ਦਾ ਉਦੇਸ਼ ਸਮਾਜ ਵਿੱਚ ਸੇਵਾ, ਸੰਵੇਦਨਾ ਅਤੇ ਜੀਵਾਂ ਪ੍ਰਤੀ ਕਰੁਣਾ ਦਾ ਸੰਦੇਸ਼ ਦੇਣਾ ਹੈ।

ਮਨੋਜ ਰਾਠੀ ਨੇ ਕਿਹਾ ਕਿ ਗਊ ਸੇਵਾ ਭਾਰਤੀ ਸੱਭਿਆਚਾਰ ਅਤੇ ਪਰੰਪਰਾ ਵਿੱਚ ਸੇਵਾ ਦਾ ਮਹੱਤਵਪੂਰਨ ਮਾਧਿਅਮ ਰਹੀ ਹੈ। ਗਊਸ਼ਾਲਾ ਵਿੱਚ ਰਹਿੰਦੀਆਂ ਗਾਵਾਂ ਦੀ ਦੇਖਭਾਲ ਅਤੇ ਉਨ੍ਹਾਂ ਲਈ ਲੋੜੀਂਦਾ ਸਹਿਯੋਗ ਕਰਨਾ ਅਸੀਂ ਸਾਰਿਆਂ ਦੀ ਸਮਾਜਿਕ ਜ਼ਿੰਮੇਵਾਰੀ ਹੈ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਵਿਸ਼ੇਸ਼ ਮੌਕਿਆਂ ਨੂੰ ਦਿਖਾਵੇ ਦੀ ਬਜਾਏ ਲੋੜਵੰਦਾਂ, ਬੇਸਹਾਰਾ ਲੋਕਾਂ ਅਤੇ ਪਸ਼ੂ-ਪੰਛੀਆਂ ਦੀ ਸੇਵਾ ਨਾਲ ਮਨਾਉਣ। ਉਨ੍ਹਾਂ ਕੁਮਾਰੀ ਸ਼ੈਲਜਾ ਨੂੰ ਕੱਟੜ ਇਮਾਨਦਾਰ ਅਤੇ ਸੂਬੇ ਦੀ ਭਾਵੀ ਮੁੱਖ ਮੰਤਰੀ ਦੱਸਦਿਆਂ ਕਿਹਾ ਕਿ ਕੁਮਾਰੀ ਸ਼ੈਲਜਾ ਨੂੰ ਸੂਬੇ ਦਾ ਹਰ ਵਰਗ ਮੁੱਖ ਮੰਤਰੀ ਵੇਖਣਾ ਚਾਹੁੰਦਾ ਹੈ। ਇਸ ਮੌਕੇ 'ਤੇ ਰਾਮਬਿਲਾਸ ਜਾਂਗੜਾ, ਵੇਦਪ੍ਰਕਾਸ਼, ਪ੍ਰਕਾਸ਼, ਲਲਿਤ ਰੰਗਾ, ਦੀਪਕ ਦੂਹਣ, ਸੰਦੀਪ ਬੀੜ ਫਾਰਮ ਅਤੇ ਕਿਤਾਬ ਸਿੰਘ ਸਮੇਤ ਕਈ ਅਹੁਦੇਦਾਰ ਅਤੇ ਵਰਕਰ ਮੌਜੂਦ ਰਹੇ।

ਵਰਲਡ ਲੰਗ ਡੇ-ਲਗਾਤਾਰ ਬਣੇ ਰਹਿਣ ਵਾਲੇ ਸਾਹ ਦੇ ਲੱਛਣਾਂ ਦੇ ਸਮੇਂ ਸਿਰ ਮੁਲਾਂਕਣ ਦੀ ਲੋੜ: ਮਾਹਰ

ਮੋਹਾਲੀ, 24 ਸਤੰਬਰ (ਪੈ.ਗਾਮ-ਏ-ਜਗਤ)

ਲਗਾਤਾਰ ਬਣੇ ਰਹਿਣ ਵਾਲੇ ਸਾਹ ਦੇ ਲੱਛਣਾਂ ਨੂੰ ਪਛਾਣਨ ਅਤੇ ਸਮੇਂ ਸਿਰ ਡਾਕਟਰੀ ਮੁਲਾਂਕਣ ਕਰਵਾਉਣ ਦੇ ਮਹੱਤਵ 'ਤੇ ਜ਼ੋਰ ਦਿੰਦਿਆਂ, ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ, ਮੋਹਾਲੀ ਦੇ ਪਲਮੋਨੋਲੋਜੀ ਸਲਾਹਕਾਰ ਡਾ. ਕਪਿਲ ਕੁਮਾਰ ਨੇ ਕਿਹਾ ਕਿ ਅਸਥਮਾ, ਕ੍ਰੋਨਿਕ ਓਬਸਟ੍ਰਕਟਿਵ ਪਲਮੋਨਰੀ ਡਿਜ਼ੀਜ਼ (ਸੀ.ਓ.ਪੀ.ਡੀ.), ਫੇਫੜਿਆਂ ਦੇ ਇਨਫੈਕਸ਼ਨ ਅਤੇ ਹੋਰ ਸਾਹ ਦੀਆਂ ਬੀਮਾਰੀਆਂ ਜੇਕਰ ਸਮੇਂ ਸਿਰ ਨਿਦਾਨ ਨਾ ਕੀਤੀਆਂ ਜਾਣ ਜਾਂ ਉਹਨਾਂ ਦਾ ਸਹੀ ਪ੍ਰਬੰਧਨ ਨਾ ਕੀਤਾ ਜਾਵੇ, ਤਾਂ ਉਹ ਜੀਵਨ ਦੀ ਗੁਣਵੱਤਾ ਨੂੰ ਗੰਭੀਰ ਰੂਪ ਵਿੱਚ ਪ੍ਰਭਾਵਿਤ ਕਰ ਸਕਦੀਆਂ ਹਨ।

ਡਾ. ਕੁਮਾਰ ਨੇ ਕਿਹਾ ਕਿ ਲਗਾਤਾਰ ਖੰਘ, ਸਾਹ ਫੁੱਲਣਾ, ਘਬਰਾਹਟ/ਘਰਘਰਾਹਟ , ਵਾਰ-ਵਾਰ ਛਾਤੀ ਵਿੱਚ ਸੰਕਰਮਣ ਹੋਣਾ, ਬਹੁਤ ਜ਼ਿਆਦਾ ਬਲਗਮ ਬਣਨਾ ਜਾਂ ਸਰੀਰਕ ਮਿਹਨਤ ਕਰਨ ਦੀ ਸਮਰੱਥਾ ਵਿੱਚ ਕਮੀ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ, ਖਾਸ ਕਰਕੇ ਉਦੋਂ ਜਦੋਂ ਲੱਛਣ ਲਗਾਤਾਰ ਬਣੇ ਰਹਿਣ ਜਾਂ ਵਾਰ-ਵਾਰ ਸਾਹਮਣੇ ਆਉਣ। ਉਨ੍ਹਾਂ ਜਾਣਕਾਰੀ ਦਿੱਤੀ ਕਿ ਧੂਮਰਪਾਨ ਅਤੇ ਪੈਸਿਵ ਸਮੋਕਿੰਗ (ਦੂਜਿਆਂ ਦੁਆਰਾ ਕੀਤੇ ਧੂਮਰਪਾਨ ਦੇ ਸੰਪਰਕ ਵਿੱਚ ਆਉਣਾ) ਫੇਫੜਿਆਂ ਦੀਆਂ ਬੀਮਾਰੀਆਂ ਦੇ ਮੁੱਖ ਜੋਖਮ ਕਾਰਕ ਹਨ, ਜਦਕਿ ਹਵਾ ਪ੍ਰਦੂਸ਼ਣ, ਧੂੜ ਅਤੇ ਰਸਾਇਣਕ ਧੂੰਏਂ ਦੇ ਲੰਬੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਨਾਲ ਵੀ ਸਾਹ ਦੀ ਸਿਹਤ ਪ੍ਰਭਾਵਿਤ ਹੋ ਸਕਦੀ ਹੈ। ਹਾਲਾਂਕਿ, ਉਨ੍ਹਾਂ ਕਿਹਾ ਕਿ ਸਾਹ ਸਬੰਧੀ ਸਮੱਸਿਆਵਾਂ ਧੂਮਰਪਾਨ ਨਾ ਕਰਨ ਵਾਲਿਆਂ ਅਤੇ ਨੌਜਵਾਨਾਂ ਨੂੰ ਵੀ ਪ੍ਰਭਾਵਿਤ ਕਰ ਸਕਦੀਆਂ ਹਨ, ਇਸ ਲਈ ਲੱਛਣ ਬਣੇ ਰਹਿਣ 'ਤੇ ਡਾਕਟਰੀ ਸਲਾਹ ਲੈਣਾ ਮਹੱਤਵਪੂਰਨ ਹੈ।



"ਲਗਾਤਾਰ ਖੰਘ ਜਾਂ ਸਾਹ ਫੁੱਲਣ ਦੀ ਸਮੱਸਿਆ ਨੂੰ ਅਕਸਰ ਮੌਸਮ ਵਿੱਚ ਬਦਲਾਅ, ਪ੍ਰਦੂਸ਼ਣ ਜਾਂ ਕਿਸੇ ਆਮ ਸੰਕਰਮਣ ਦਾ ਨਤੀਜਾ ਮੰਨ ਕੇ ਰੱਦ ਕਰ ਦਿੱਤਾ ਜਾਂਦਾ ਹੈ। ਹਾਲਾਂਕਿ, ਜਦੋਂ ਇਹ ਲੱਛਣ ਲਗਾਤਾਰ ਬਣੇ ਰਹਿਣ ਜਾਂ ਰੋਜ਼ਾਨਾ ਦੀਆਂ ਗਤੀਵਿਧੀਆਂ ਵਿੱਚ ਰੁਕਾਵਟ ਪਾਉਣ ਲੱਗਣ, ਤਾਂ ਇਨ੍ਹਾਂ ਦਾ ਡਾਕਟਰੀ ਮੁਲਾਂਕਣ ਕਰਵਾਇਆ ਜਾਣਾ ਚਾਹੀਦਾ ਹੈ।

ਡਾ. ਕੁਮਾਰ ਨੇ ਕਿਹਾ ਕਿ ਅਸਥਮਾ ਅਤੇ ਸੀ.ਓ.ਪੀ.ਡੀ. ਵਰਗੀਆਂ ਸਾਹ ਸਬੰਧੀ ਸਥਿਤੀਆਂ ਦਾ ਸ਼ੁਰੂਆਤੀ ਚਰਣ ਵਿੱਚ ਨਿਦਾਨ ਹੋਣ ਨਾਲ ਲੱਛਣਾਂ ਨੂੰ ਕੰਟਰੋਲ ਕਰਨ, ਜਟਿਲਤਾਵਾਂ ਤੋਂ ਬਚਣ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਵਿੱਚ ਮਦਦ ਮਿਲ ਸਕਦੀ ਹੈ।

ਉਨ੍ਹਾਂ ਸਪੱਸ਼ਟ ਕੀਤਾ ਕਿ ਲੋਕਾਂ ਨੂੰ ਤੰਬਾਕੂ ਦੇ ਧੂੰਏਂ, ਹਵਾ ਪ੍ਰਦੂਸ਼ਣ, ਧੂੜ ਅਤੇ ਵਪਾਰਕ/ਕੰਮਕਾਜੀ ਧੂੰਏਂ ਦੇ ਪ੍ਰਤੀ ਆਪਣੇ ਸੰਪਰਕ ਨੂੰ ਲੈ ਕੇ ਚੌਕਸ ਰਹਿਣਾ ਚਾਹੀਦਾ ਹੈ, ਕਿਉਂਕਿ ਇਹ ਫੇਫੜਿਆਂ ਦੀ ਸਿਹਤ 'ਤੇ ਮਾੜਾ ਅਸਰ ਪਾ ਸਕਦੇ ਹਨ।

ਡਾ. ਕੁਮਾਰ ਨੇ ਕਿਹਾ ਕਿ ਫੇਫੜਿਆਂ ਦੀ ਸਿਹਤ ਦੀ ਸੰਭਾਲ ਲਈ ਲਗਾਤਾਰ ਬਚਾਅ ਦੇ ਉਪਾਅ ਕਰਨਾ ਵੀ ਜ਼ਰੂਰੀ ਹੈ।

ਉਨ੍ਹਾਂ ਸਲਾਹ ਦਿੱਤੀ ਕਿ ਤੰਬਾਕੂ ਤੋਂ ਦੂਰ ਰਹਿਣਾ, ਸਰੀਰਕ ਤੌਰ 'ਤੇ ਸਰਗਰਮ ਰਹਿਣਾ, ਘਰ ਦੇ ਅੰਦਰ ਦੀ ਹਵਾ ਦੀ ਗੁਣਵੱਤਾ ਨੂੰ ਬਿਹਤਰ ਬਣਾਏ ਰੱਖਣਾ ਅਤੇ ਸਿਫਾਰਸ਼ ਕੀਤੇ ਟੀਕਾਕਰਨ ਦਾ ਪਾਲਣ ਕਰਨਾ ਸਾਹ ਸਬੰਧੀ ਸਮੱਸਿਆਵਾਂ ਦੇ ਜੋਖਮ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ।

ਏ.ਡੀ.ਸੀ. ਵੱਲੋਂ ਫਰਮ ਮੈਸ. ਆਲਵੇਜ਼ ਇੰਮੀਗ੍ਰੇਸ਼ਨ ਕੰਸਲਟੈਂਟ ਦਾ ਲਾਇਸੰਸ ਰੱਦ

ਸਾਹਿਬਜ਼ਾਦਾ ਅਜੀਤ ਸਿੰਘ ਨਗਰ 24 ਸਤੰਬਰ, (ਪੈ.ਗਾਮ-ਏ-ਜਗਤ)

ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਤਹਿਤ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਵਧੀਕ ਡਿਪਟੀ ਕਮਿਸ਼?ਨਰ ਸ੍ਰੀਮਤੀ ਗੀਤਿਕਾ ਸਿੰਘ ਵੱਲੋਂ ਫਰਮ ਮੈਸ. ਆਲਵੇਜ਼ ਇੰਮੀਗ੍ਰੇਸ਼ਨ ਕੰਸਲਟੈਂਟ ਦਾ ਲਾਇਸੰਸ ਰੱਦ ਕਰ ਦਿੱਤਾ ਗਿਆ ਹੈ।

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਫਰਮ ਮੈਸ. ਆਲਵੇਜ਼ ਇੰਮੀਗ੍ਰੇਸ਼ਨ ਕੰਸਲਟੈਂਟ ਯੂਨਿਟ ਨੰ: ਐਨਆਈ-909-910 ਨੌਵੀਂ ਮੰਜ਼ਿਲ, ਇੰਮਪਰੀਅਲ ਟਾਵਰ, ਸੀ.ਪੀ.-67 ਮਾਲ, ਸੈਕਟਰ-67, ਮੋਹਾਲੀ ਦੀ ਮਾਲਕ ਪਰਮਿੰਦਰ ਕੌਰ ਪਤਨੀ ਅਵਤਾਰ ਸਿੰਘ ਵਾਸੀ ਫੇਜ਼-10 ਮੋਹਾਲੀ, ਜ਼ਿਲ੍ਹਾ ਐਸ.ਏ.ਐਸ. ਨਗਰ ਨੂੰ ਟਰੈਵਲ ਏਜੰਸੀ ਅਤੇ ਕੰਸਲਟੈਂਸੀ ਦੇ ਕੰਮਾਂ ਲਈ ਲਾਇਸੰਸ ਨੰਬਰ 787/ਆਈ.ਸੀ. ਮਿਤੀ 03.06.2025 ਨੂੰ ਜਾਰੀ ਕੀਤਾ ਗਿਆ ਸੀ, ਜਿਸ ਦੀ ਮਿਆਦ 02.06.2030 ਤੱਕ ਸੀ।

ਏ.ਡੀ.ਸੀ. ਨੇ ਦੱਸਿਆ ਕਿ ਪੁਲਿਸ ਵਿਭਾਗ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਉਕਤ ਫਰਮ/ਪ੍ਰਾਰਥੀ ਵਿਰੁੱਧ ਮੁਕੱਦਮਾ ਨੰਬਰ 18, ਮਿਤੀ 12 ਮਈ 2026, ਧਾਰਾ 318(4), 316(2) ਅਤੇ 61(2) ਬੀ.ਐਨ.ਐਸ. ਤਹਿਤ ਥਾਣਾ ਸਟੇਟ ਕਰਾਈਮ, ਫੇਜ਼-4, ਐਸ.ਏ.ਐਸ. ਨਗਰ ਵਿਖੇ ਮਾਮਲਾ ਦਰਜ ਹੈ। ਹੁਕਮ ਅਨੁਸਾਰ ਫਰਮ ਨੂੰ ਇਸ ਮਾਮਲੇ ਸਬੰਧੀ ਆਪਣਾ ਸਪਸ਼ਟੀਕਰਨ ਦੇਣ ਅਤੇ ਲਾਇਸੰਸ ਜਾਰੀ ਹੋਣ ਤੋਂ ਲੈ ਕੇ ਹੁਣ ਤੱਕ ਦੀਆਂ ਮਹੀਨਾਵਾਰ ਰਿਪੋਰਟਾਂ ਪੇਸ਼ ਕਰਨ ਲਈ ਕਈ ਵਾਰ ਨੋਟਿਸ ਜਾਰੀ ਕੀਤੇ ਗਏ ਸਨ। ਇਸ ਦੇ ਬਾਵਜੂਦ ਫਰਮ ਵੱਲੋਂ ਨਾ ਤਾਂ ਲੋੜੀਂਦੀਆਂ ਮਹੀਨਾਵਾਰ ਰਿਪੋਰਟਾਂ ਪੇਸ਼ ਕੀਤੀਆਂ ਗਈਆਂ ਅਤੇ ਨਾ ਹੀ ਮਾਮਲੇ ਸਬੰਧੀ ਕੋਈ ਸਪਸ਼ਟੀਕਰਨ ਦਿੱਤਾ ਗਿਆ। ਉਕਤ ਤੱਥਾਂ ਦੇ ਸਨਮੁੱਖ ਵਧੀਕ ਡਿਪਟੀ ਕਮਿਸ਼ਨਰ ਵੱਲੋਂ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ, 2012 ਦੀ ਧਾਰਾ 6(A)(e) ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਫਰਮ ਮੈਸ. ਆਲਵੇਜ਼ ਇੰਮੀਗ੍ਰੇਸ਼ਨ ਕੰਸਲਟੈਂਟ ਨੂੰ ਟਰੈਵਲ ਏਜੰਸੀ ਅਤੇ ਕੰਸਲਟੈਂਸੀ ਦੇ ਕੰਮਾਂ ਲਈ ਜਾਰੀ ਲਾਇਸੰਸ ਨੰਬਰ 787/ਆਈ.ਸੀ. ਮਿਤੀ 03.06.2025 ਤੁਰੰਤ ਪ੍ਰਭਾਵ ਤੋਂ ਰੱਦ/ਕੈਂਸਲ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਐਕਟ/ਰੂਲਾਂ ਵਿੱਚ ਦਰਸਾਏ ਅਨੁਸਾਰ ਉਕਤ ਪ੍ਰਾਰਥੀ/ਫਰਮ/ਫਰਮ ਦੇ ਮਾਲਕਾਂ ਦੇ ਖਿਲਾਫ ਭਵਿੱਖ ਵਿੱਚ ਜੇਕਰ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਪ੍ਰਾਰਥੀ/ ਫਰਮ/ ਫਰਮ ਦੇ ਮਾਲਕ ਹਰ ਪੱਖੋਂ ਉਸ ਦੀ ਭਰਪਾਈ ਕਰਨ ਲਈ ਖੁਦ ਜ਼ਿੰਮੇਵਾਰ ਹੋਵੇਗਾ।

ਪੈਰਾ ਖੇਡਾਂ 'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-2 ਵਿੱਚ ਦਿਵਿਆਂਗ ਖਿਡਾਰੀ ਵੱਧ ਤੋਂ ਵੱਧ ਭਾਗ ਲੈਣ

ਸਾਹਿਬਜ਼ਾਦਾ ਅਜੀਤ ਸਿੰਘ ਨਗਰ 24 ਸਤੰਬਰ, (ਪੈ.ਗਾਮ-ਏ-ਜਗਤ)

ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਹੋਰ ਮਜ਼ਬੂਤ ਕਰਨ ਅਤੇ ਹਰ ਵਰਗ ਨੂੰ ਖੇਡਾਂ ਨਾਲ ਜੋੜਨ ਦੇ ਉਦੇਸ਼ ਨਾਲ 'ਖੇਡਾਂ ਵਤਨ ਪੰਜਾਬ ਦੀਆਂ' ਸੀਜ਼ਨ-2 ਸਾਲ 2026 ਦਾ ਆਯੋਜਨ 25 ਤੋਂ 28 ਨਵੰਬਰ 2026 ਤੱਕ ਲੁਧਿਆਣਾ ਵਿਖੇ ਕੀਤਾ ਜਾ ਰਿਹਾ ਹੈ। ਇਸ ਤਹਿਤ ਦਿਵਿਆਂਗ ਖਿਡਾਰੀਆਂ ਨੂੰ ਵੀ ਖੇਡਾਂ ਨਾਲ ਜੋੜਨ ਅਤੇ ਉਨ੍ਹਾਂ ਨੂੰ ਆਪਣੀ ਖੇਡ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਉਚਿਤ ਮੌਕੇ ਪ੍ਰਦਾਨ ਕਰਨ ਵਾਸਤੇ ਪੈਰਾ ਖੇਡਾਂ ਕਰਵਾਈਆਂ ਜਾ ਰਹੀਆਂ ਹਨ।

ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਵੱਲੋਂ ਦੱਸਿਆ ਗਿਆ ਕਿ ਇਨ੍ਹਾਂ ਪੈਰਾ ਖੇਡਾਂ ਵਿੱਚ ਭਾਗ ਲੈਣ ਦੇ ਇੱਛੁਕ ਦਿਵਿਆਂਗ ਖਿਡਾਰੀਆਂ ਲਈ ਕਲਾਸੀਫਿਕੇਸ਼ਨ ਪ੍ਰਕਿਰਿਆ 23 ਸਤੰਬਰ 2026 ਤੋਂ ਸ਼ੁਰੂ ਹੋ ਚੁੱਕੀ ਹੈ, ਜੋ 12 ਨਵੰਬਰ 2026 ਤੱਕ ਜਾਰੀ ਰਹੇਗੀ। ਖਿਡਾਰੀਆਂ ਦੀ ਕਲਾਸੀਫਿਕੇਸ਼ਨ ਜ਼ਿਲ੍ਹਾ ਐਸ.ਏ.ਐਸ ਨਗਰ ਵਿਖੇ ਮਿਤੀ 30 ਅਕਤੂਬਰ ਨੂੰ ਹੋਵੇਗੀ। ਕਲਾਸੀਫਿਕੇਸ਼ਨ ਦਾ ਉਦੇਸ਼ ਖਿਡਾਰੀਆਂ ਨੂੰ ਉਨ੍ਹਾਂ ਦੀ ਅਪੰਗਤਾ ਅਤੇ ਖੇਡ ਸਮਰੱਥਾ ਨਾਲ ਸਬੰਧਤ ਨਿਰਧਾਰਤ ਵਰਗ ਵਿੱਚ ਦਰਜ ਕਰਨਾ ਹੈ, ਤਾਂ ਜੋ ਮੁਕਾਬਲੇ ਨਿਰਧਾਰਤ ਨਿਯਮਾਂ ਅਨੁਸਾਰ ਕਰਵਾਏ ਜਾ ਸਕਣ।

ਉਨ੍ਹਾਂ ਦੱਸਿਆ ਕਿ ਦਸਤਾਵੇਜ਼ ਅਨੁਸਾਰ ਪੈਰਾ ਖੇਡਾਂ ਦੇ ਮੁਕਾਬਲਿਆਂ ਵਿੱਚ ਪੈਰਾ ਐਥਲੈਟਿਕਸ, ਪੈਰਾ ਪਾਵਰਲਿਫਟਿੰਗ, ਪੈਰਾ ਬੈਡਮਿੰਟਨ ਅਤੇ ਵੀਲ੍ਹਚੇਅਰ ਬਾਸਕਟਬਾਲ ਸ਼ਾਮਲ ਹਨ। ਪੈਰਾ ਐਥਲੈਟਿਕਸ ਵਿੱਚ ਵੱਖ-ਵੱਖ ਵਰਗਾਂ ਦੇ ਖਿਡਾਰੀਆਂ ਲਈ ਡਿਸਕਸ ਥ?ਰੋ, ਸ਼ਾਟ ਪੁੱਟ, ਜੈਵਲਿਨ ਥ?ਰੋ, ਕਲੱਬ ਥ?ਰੋ, 100 ਮੀਟਰ, 200 ਮੀਟਰ, 400 ਮੀਟਰ, 800 ਮੀਟਰ, 1500 ਮੀਟਰ, 5000 ਮੀਟਰ, ਲਾਂਗ ਜੰਪ ਅਤੇ ਹਾਈ ਜੰਪ ਵਰਗੇ ਮੁਕਾਬਲੇ ਕਰਵਾਏ ਜਾਣੇ ਹਨ।

ਇਸੇ ਤਰ੍ਹਾਂ ਪੈਰਾ ਪਾਵਰਲਿਫਟਿੰਗ ਵਿੱਚ ਮਹਿਲਾ ਅਤੇ ਪੁਰਸ਼ ਖਿਡਾਰੀਆਂ ਲਈ ਵੱਖ-ਵੱਖ ਭਾਰ ਵਰਗ ਨਿਰਧਾਰਤ ਕੀਤੇ ਗਏ ਹਨ। ਮਹਿਲਾ ਵਰਗ ਵਿੱਚ 41 ਕਿਲੋਗ੍ਰਾਮ ਤੋਂ ਲੈ ਕੇ 86 ਕਿਲੋਗ੍ਰਾਮ ਤੋਂ ਵੱਧ ਅਤੇ ਪੁਰਸ਼ ਵਰਗ ਵਿੱਚ 49 ਕਿਲੋਗ੍ਰਾਮ ਤੋਂ ਲੈ ਕੇ 107 ਕਿਲੋਗ੍ਰਾਮ ਤੋਂ ਵੱਧ ਦੇ ਭਾਰ ਵਰਗ ਸ਼ਾਮਲ ਹਨ।

ਪੈਰਾ ਬੈਡਮਿੰਟਨ ਦੇ ਤਹਿਤ ਪੁਰਸ਼ ਸਿੰਗਲ, ਪੁਰਸ਼ ਡਬਲ, ਮਿਕਸਡ ਡਬਲ, ਮਹਿਲਾ ਸਿੰਗਲ ਅਤੇ ਮਹਿਲਾ ਡਬਲ ਸਮੇਤ ਵੱਖ-ਵੱਖ ਮੁਕਾਬਲੇ ਕਰਵਾਏ ਜਾਣਗੇ। ਇਸ ਤੋਂ ਇਲਾਵਾ ਵੀਲ੍ਹਚੇਅਰ ਬਾਸਕਟਬਾਲ ਵੀ ਪੈਰਾ ਖੇਡਾਂ ਦਾ ਹਿੱਸਾ ਹੋਵੇਗੀ।

ਪੰਜਾਬ ਪੈਰਾ ਸਪੋਰਟਸ ਐਸੋਸੀਏਸ਼ਨ ਵੱਲੋਂ ਵੀ ਇਨ੍ਹਾਂ ਖੇਡਾਂ ਲਈ ਸਹਿਯੋਗ ਦਿੱਤਾ ਜਾ ਰਿਹਾ ਹੈ। ਐਸੋਸੀਏਸ਼ਨ ਪੰਜਾਬ ਸਟੇਟ ਸਪੋਰਟਸ ਕੌਂਸਲ ਨਾਲ ਮਾਨਤਾ ਪ੍ਰਾਪਤ ਹੈ ਅਤੇ ਪੈਰਾ-ਖਿਡਾਰੀਆਂ ਨੂੰ ਖੇਡ ਗਤੀਵਿਧੀਆਂ ਨਾਲ ਜੋੜਨ ਲਈ ਕੰਮ ਕਰ ਰਹੀ ਹੈ। ਦਸਤਾਵੇਜ਼ ਵਿੱਚ ਐਸੋਸੀਏਸ਼ਨ ਵੱਲੋਂ ਪੈਰਾ ਖਿਡਾਰੀਆਂ ਦੀ ਕਲਾਸੀਫਿਕੇਸ਼ਨ ਅਤੇ ਖੇਡ ਮੁਕਾਬਲਿਆਂ ਸਬੰਧੀ ਜਾਣਕਾਰੀ ਵੀ ਦਿੱਤੀ ਗਈ ਹੈ।

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਿਵਿਆਂਗ ਖਿਡਾਰੀਆਂ, ਉਨ੍ਹਾਂ ਦੇ ਪਰਿਵਾਰਾਂ, ਖੇਡ ਸੰਸਥਾਵਾਂ ਅਤੇ ਸਮਾਜਿਕ ਜਥੇਬੰਦੀਆਂ ਨੂੰ ਅਪੀਲ ਕੀਤੀ ਜਾਵੇਗੀ ਕਿ ਉਹ ਇਨ੍ਹਾਂ ਪੈਰਾ ਖੇਡਾਂ ਸਬੰਧੀ ਜਾਣਕਾਰੀ ਵੱਧ ਤੋਂ ਵੱਧ ਦਿਵਿਆਂਗ ਖਿਡਾਰੀਆਂ ਤੱਕ ਪਹੁੰਚਾਉਣ ਅਤੇ ਉਨ੍ਹਾਂ ਨੂੰ ਭਾਗ ਲੈਣ ਲਈ ਉਤਸ਼ਾਹਿਤ ਕਰਨ। ਇਸ ਨਾਲ ਦਿਵਿਆਂਗ ਖਿਡਾਰੀਆਂ ਨੂੰ ਆਪਣੀ ਖੇਡ ਪ੍ਰਤਿਭਾ ਦਿਖਾਉਣ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿੱਚ ਅੱਗੇ ਵਧਣ ਲਈ ਮੰਚ ਮਿਲੇਗਾ।

ਪਿੰਡ ਝੰਝਾੜੀ ਵਿੱਚ ਬਣੇਗਾ ਕਮਿਊਨਿਟੀ ਸੈਂਟਰ, ਵਿਧਾਇਕ ਭਗਵਾਨ ਦਾਸ ਕਬੀਰਪੰਥੀ ਅਤੇ ਮੇਅਰ ਰੇਣੂ ਬਾਲਾ ਗੁਪਤਾ ਨੇ ਕੀਤਾ ਸ਼ੁਭਾਰੰਭ

ਪੈ.ਗਾਮ-ਏ-ਜਗਤ/ਕਰਨਾਲ 24 ਸਤੰਬਰ (ਵਾਲੀਆ)



ਨਗਰ ਨਿਗਮ ਕਰਨਾਲ ਵੱਲੋਂ ਵਾਰਡ 1 ਦੇ ਪਿੰਡ ਝੰਝਾੜੀ ਵਿੱਚ ਕਰੀਬ 42 ਲੱਖ 8 ਹਜ਼ਾਰ ਰੁਪਏ ਦੀ ਲਾਗਤ ਨਾਲ ਕਮਿਊਨਿਟੀ ਸੈਂਟਰ ਦਾ ਨਿਰਮਾਣ ਕਰਵਾਇਆ ਜਾਵੇਗਾ। ਨਿਰਮਾਣ ਕਾਰਜ ਦਾ ਸ਼ੁਭਾਰੰਭ ਨੀਲੋਖੇੜੀ ਵਿਧਾਨ ਸਭਾ ਖੇਤਰ ਦੇ ਵਿਧਾਇਕ ਭਗਵਾਨ ਦਾਸ ਕਬੀਰਪੰਥੀ ਅਤੇ ਨਗਰ ਨਿਗਮ ਦੀ ਮੇਅਰ ਰੇਣੂ ਬਾਲਾ ਗੁਪਤਾ ਨੇ ਵਾਰਡ ਕੌਂਸਲਰ ਸੁਦੇਸ਼ ਰਾਣੀ ਦੀ ਹਾਜ਼ਰੀ ਵਿੱਚ ਕੀਤਾ। ਨਿਰਮਾਣ ਕਾਰਜ ਨੂੰ ਲਗਭਗ 6 ਮਹੀਨਿਆਂ ਵਿੱਚ ਪੂਰਾ ਕਰਨ ਦਾ ਟੀਚਾ ਰੱਖਿਆ ਗਿਆ ਹੈ।

ਇਸ ਮੌਕੇ 'ਤੇ ਵਿਧਾਇਕ ਭਗਵਾਨ ਦਾਸ ਕਬੀਰਪੰਥੀ ਨੇ ਪਿੰਡ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਹਰਿਆਣਾ ਸਰਕਾਰ ਕੋਲ ਵਿਕਾਸ ਕਾਰਜਾਂ ਲਈ ਫੰਡ ਦੀ ਕਮੀ ਨਹੀਂ ਹੈ। ਸ਼ਹਿਰਾਂ ਦੇ ਨਾਲ ਪੇਂਡੂ ਖੇਤਰਾਂ ਵਿੱਚ ਵੀ ਬਰਾਬਰ ਰੂਪ ਵਿੱਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨੀਲੋਖੇੜੀ ਵਿਧਾਨ ਸਭਾ ਖੇਤਰ ਵਿੱਚ ਵਿਕਾਸ ਕਾਰਜਾਂ ਨੂੰ ਲਗਾਤਾਰ ਗਤੀ ਦਿੱਤੀ ਜਾ ਰਹੀ ਹੈ ਅਤੇ ਕੋਈ ਵੀ ਖੇਤਰ ਬੁਨਿਆਦੀ ਸਹੂਲਤਾਂ ਤੋਂ ਵਾਂਝਾ ਨਹੀਂ ਰਹੇਗਾ।


ਮੇਅਰ ਰੇਣੂ ਬਾਲਾ ਗੁਪਤਾ ਨੇ ਕਿਹਾ ਕਿ ਨਗਰ ਨਿਗਮ ਖੇਤਰ ਵਿੱਚ ਵਿਕਾਸ ਕਾਰਜ ਲਗਾਤਾਰ ਜਾਰੀ ਰਹਿਣਗੇ ਅਤੇ ਪੇਂਡੂ ਖੇਤਰਾਂ ਵਿੱਚ ਲੋੜੀਂਦੀਆਂ ਸਹੂਲਤਾਂ ਉਪਲਬਧ ਕਰਵਾਉਣ ਨੂੰ ਪਹਿਲ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਮਿਊਨਿਟੀ ਸੈਂਟਰ ਬਣਨ ਨਾਲ ਪਿੰਡ ਵਾਸੀਆਂ ਨੂੰ ਵਿਆਹ ਸਮਾਰੋਹਾਂ ਦੇ ਨਾਲ-ਨਾਲ ਧਾਰਮਿਕ ਅਤੇ ਸਮਾਜਿਕ ਪ੍ਰੋਗਰਾਮ ਆਯੋਜਿਤ ਕਰਨ ਦੀ ਸਹੂਲਤ ਮਿਲੇਗੀ।

ਉਨ੍ਹਾਂ ਦੱਸਿਆ ਕਿ ਪਿੰਡ ਦੇ ਪ੍ਰਵੇਸ਼ ਮਾਰਗ 'ਤੇ ਸਥਿਤ ਛੱਪੜ ਦੇ ਸੁੰਦਰੀਕਰਨ ਦਾ ਕੰਮ ਵੀ ਜਾਰੀ ਹੈ। ਇਸ ਨਾਲ ਪਿੰਡ ਦਾ ਪ੍ਰਵੇਸ਼ ਮਾਰਗ ਹੋਰ ਸੁੰਦਰ ਅਤੇ ਆਕਰਸ਼ਕ ਬਣੇਗਾ। ਉਨ੍ਹਾਂ ਪਿੰਡ ਵਾਸੀਆਂ ਨੂੰ ਵਿਕਾਸ ਕਾਰਜਾਂ ਦੇ ਨਾਲ ਸਫਾਈ ਨੂੰ ਵੀ ਪਹਿਲ ਦੇਣ ਦੀ ਅਪੀਲ ਕੀਤੀ। ਵਿਧਾਇਕ ਅਤੇ ਮੇਅਰ ਨੇ ਪਿੰਡ ਵਾਸੀਆਂ ਨੂੰ 2 ਅਕਤੂਬਰ ਨੂੰ ਆਯੋਜਿਤ ਹੋਣ ਵਾਲੇ ਮੈਗਾ ਸ਼ਰਮਦਾਨ ਪ੍ਰੋਗਰਾਮ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਮੂਹਿਕ ਭਾਗੀਦਾਰੀ ਨਾਲ ਹੀ ਸਾਫ ਅਤੇ ਸੁੰਦਰ ਪਿੰਡ ਦਾ ਨਿਰਮਾਣ ਸੰਭਵ ਹੈ। ਇਸ ਮੌਕੇ 'ਤੇ ਨਗਰ ਨਿਗਮ ਦੇ ਕਾਰਜਕਾਰੀ ਇੰਜੀਨੀਅਰ ਪ੍ਰਦੀਪ ਕਲਿਆਣ, ਸਹਾਇਕ ਇੰਜੀਨੀਅਰ ਮਨਜੀਤ ਰਾਠੀ, ਜੂਨੀਅਰ ਇੰਜੀਨੀਅਰ ਦੀਪਕ ਕੁਮਾਰ, ਕੌਂਸਲਰ ਪ੍ਰਤੀਨਿਧੀ ਸੁਭਾਸ਼ ਕੋਚ ਸਮੇਤ ਪਿੰਡ ਦੇ ਪਤਵੰਤੇ ਵਿਅਕਤੀ ਹਾਜ਼ਰ ਰਹੇ।

ਭਾਜਪਾ ਨੇ 12 ਸਾਲਾਂ ਵਿੱਚ ਸਿਰਫ ਝੂਠ, ਫੁੱਟ ਅਤੇ ਲੁੱਟ ਦਾ ਕੰਮ ਕੀਤਾ, ਹਰਿਆਣਾ ਵਿੱਚ ਦੁਬਾਰਾ ਚੋਣਾਂ ਹੋਣ : ਦੀਪੇਂਦਰ ਹੁੱਡਾ

ਪੈ.ਗਾਮ-ਏ-ਜਗਤ/ਕਰਨਾਲ 24 ਸਤੰਬਰ (ਪ੍ਰਵੀਨ ਵਾਲੀਆ)

- **ਅਸੰਧ ਵਿੱਚ ਬੋਲੇ ਦੀਪੇਂਦਰ ਹੁੱਡਾ, ਹਰਿਆਣਾ ਵਿੱਚ ਜਨਭਾਵਨਾ ਨਾਲ ਨਹੀਂ, ਸਗੋਂ ਜੁਗਾੜ ਨਾਲ ਚੱਲ ਰਹੀ ਸਰਕਾਰ**



ਸੰਸਦ ਮੈਂਬਰ ਦੀਪੇਂਦਰ ਹੁੱਡਾ ਨੇ ਅਸੰਧ ਹਲਕੇ ਦੇ ਮੁਨਕ ਬਲਾਕ ਕਾਂਗਰਸ ਵਰਕਰ ਸੰਮੇਲਨ ਵਿੱਚ ਭਾਜਪਾ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਭਾਜਪਾ ਨੇ 12 ਸਾਲਾਂ ਵਿੱਚ ਸਿਰਫ ਝੂਠ, ਫੁੱਟ ਅਤੇ ਲੁੱਟ ਦਾ ਕੰਮ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਧਰਮ ਅਤੇ ਜਾਤ ਦੇ ਨਾਂ 'ਤੇ ਸਮਾਜ ਵਿੱਚ ਫੁੱਟ ਪਾਈ ਗਈ ਅਤੇ ਲੋਕਤੰਤਰੀ ਸੰਸਥਾਵਾਂ ਨੂੰ ਕਮਜ਼ੋਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਚੋਣ ਪ੍ਰਕਿਰਿਆ ਨੂੰ ਲੈ ਕੇ ਉੱਠੇ ਸਵਾਲਾਂ ਤੋਂ ਬਾਅਦ ਦੁਬਾਰਾ ਚੋਣਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ, ਨਹੀਂ ਤਾਂ ਚੋਣ ਪ੍ਰਣਾਲੀ ਤੋਂ ਲੋਕਾਂ ਦਾ ਵਿਸ਼ਵਾਸ ਉੱਠ ਸਕਦਾ ਹੈ।

ਹੁੱਡਾ ਨੇ ਕਿਹਾ ਕਿ ਹਰਿਆਣਾ ਵਿੱਚ ਕਿਸਾਨਾਂ ਨੂੰ ਫਸਲਾਂ ਦਾ ਉਚਿਤ ਮੁੱਲ ਨਹੀਂ ਮਿਲ ਰਿਹਾ। ਉਨ੍ਹਾਂ ਬਾਜਰੇ ਦੀ ਐਮਐਸਪੀ ਅਤੇ ਮੰਡੀਆਂ ਵਿੱਚ ਮਿਲ ਰਹੇ ਭਾਅ ਵਿੱਚ ਅੰਤਰ ਦਾ ਦਾਅਵਾ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਨੂੰ ਕਿਸਾਨਾਂ ਨੂੰ ਝੋਨੇ ਦਾ 3100 ਰੁਪਏ ਪ੍ਰਤੀ ਕੁਇੰਟਲ ਭਾਅ ਦਿਵਾਉਣਾ ਚਾਹੀਦਾ ਹੈ ਜਾਂ ਘੱਟੋ-ਘੱਟ ਨਿਰਧਾਰਤ ਐਮਐਸਪੀ 2400 ਰੁਪਏ 'ਤੇ ਬਿਨਾਂ ਕਟੌਤੀ ਦੇ ਖਰੀਦ ਯਕੀਨੀ ਕਰਨੀ ਚਾਹੀਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਿਸਾਨਾਂ ਨੂੰ ਝੋਨੇ ਦੀ ਖਰੀਦ ਵਿੱਚ 300-500 ਰੁਪਏ ਤੱਕ ਦੀ ਕਟੌਤੀ ਲੱਗ ਰਹੀ ਹੈ ਅਤੇ ਕੁਰੂਕਸ਼ੇਤਰ ਵਿੱਚ ਕਿਸਾਨਾਂ 'ਤੇ ਲਾਠੀਚਾਰਜ ਕੀਤਾ ਗਿਆ।

ਖੇਡਾਂ ਦੇ ਮੁੱਦੇ 'ਤੇ ਹੁੱਡਾ ਨੇ ਕਿਹਾ ਕਿ ਜੇਕਰ ਦੇਸ਼ ਵਿੱਚ ਰਾਸ਼ਟਰਮੰਡਲ ਖੇਡਾਂ ਵਰਗੇ ਵੱਡੇ ਆਯੋਜਨ ਹੁੰਦੇ ਹਨ ਤਾਂ ਹਰਿਆਣਾ ਵਿੱਚ ਵੀ ਅੰਤਰਰਾਸ਼ਟਰੀ ਪੱਧਰ ਦੇ ਸਟੇਡੀਅਮ ਬਣਾਏ ਜਾਣੇ ਚਾਹੀਦੇ ਹਨ। ਉਨ੍ਹਾਂ ਸ਼ਾਹਾਬਾਦ ਵਿੱਚ ਹਾਕੀ, ਸੋਨੀਪਤ ਵਿੱਚ ਕੁਸ਼ਤੀ, ਭਿਵਾਨੀ ਵਿੱਚ ਮੁੱਕੇਬਾਜ਼ੀ ਅਤੇ ਪਾਣੀਪਤ ਜਾਂ ਕਰਨਾਲ ਵਿੱਚ ਅਥਲੈਟਿਕਸ ਅਤੇ ਜੈਵਲਿਨ ਦੇ ਸਟੇਡੀਅਮ ਬਣਾਉਣ ਦੀ ਮੰਗ ਰੱਖੀ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਖਿਡਾਰੀ ਦੇਸ਼ ਲਈ ਵੱਡੀ ਗਿਣਤੀ ਵਿੱਚ ਤਗਮੇ ਜਿੱਤਦੇ ਹਨ।

ਹੁੱਡਾ ਨੇ ਭਾਜਪਾ 'ਤੇ ਚੋਣ ਵਾਅਦੇ ਪੂਰੇ ਨਾ ਕਰਨ ਦਾ ਦੋਸ਼ ਲਾਉਂਦਿਆਂ ਬੁਢਾਪਾ ਪੈਨਸ਼ਨ ਵਧਾਉਣ, ਔਰਤਾਂ ਨੂੰ 3100 ਰੁਪਏ ਮਹੀਨਾ ਦੇਣ, 500 ਰੁਪਏ ਵਿੱਚ ਗੈਸ ਸਿਲੰਡਰ, ਗਰੀਬ ਪਰਿਵਾਰਾਂ ਨੂੰ 100-100 ਗਜ਼ ਦੇ ਪਲਾਟ ਅਤੇ ਐਚਕੇਆਰਐਨ ਕਰਮਚਾਰੀਆਂ ਨੂੰ ਪੱਕਾ ਕਰਨ ਵਰਗੇ ਵਾਅਦਿਆਂ ਦਾ ਜ਼ਿਕਰ ਕੀਤਾ। ਉਨ੍ਹਾਂ ਰੁਜ਼ਗਾਰ, ਕਾਨੂੰਨ ਵਿਵਸਥਾ ਅਤੇ ਨੌਜਵਾਨਾਂ ਦੇ ਪਲਾਇਨ ਨੂੰ ਲੈ ਕੇ ਵੀ ਸਰਕਾਰ 'ਤੇ ਸਵਾਲ ਉਠਾਏ।

ਉਨ੍ਹਾਂ ਦਾਅਵਾ ਕੀਤਾ ਕਿ 2014 ਤੋਂ ਪਹਿਲਾਂ ਹਰਿਆਣਾ ਪ੍ਰਤੀ ਵਿਅਕਤੀ ਆਮਦਨ, ਵਿਕਾਸ ਦਰ ਅਤੇ ਪ੍ਰਤੀ ਵਿਅਕਤੀ ਨਿਵੇਸ਼ ਸਮੇਤ ਕਈ ਖੇਤਰਾਂ ਵਿੱਚ ਮੋਹਰੀ ਸੀ। ਉੱਥੇ ਹੀ ਮੌਜੂਦਾ ਸਰਕਾਰ 'ਤੇ ਬੇਰੁਜ਼ਗਾਰੀ, ਨਸ਼ੇ, ਅਪਰਾਧ ਅਤੇ ਭ੍ਰਿਸ਼ਟਾਚਾਰ ਵਧਣ ਦਾ ਦੋਸ਼ ਲਾਇਆ। ਸੰਮੇਲਨ ਵਿੱਚ ਦਿਵਿਆਂਸ਼ੂ ਬੁੱਧੀਰਾਜਾ, ਰਾਜੇਸ਼ ਵੈਦ, ਧਰਮਪਾਲ ਗੋਂਦਰ, ਬਖਸ਼ੀਸ਼ ਸਿੰਘ ਵਿਰਕ, ਦਿਆਨੰਦ ਸ਼ਰਮਾ, ਬਲਬੀਰ ਬਾਲਮੀਕੀ, ਸੁਰੇਸ਼ ਗੁਪਤਾ, ਵਿਨੋਦ ਬੱਲਾ, ਗੁਰਵਿੰਦਰ ਸਹਿਤ ਕਾਂਗਰਸ ਦੇ ਕਈ ਆਗੂ, ਅਹੁਦੇਦਾਰ ਅਤੇ ਵਰਕਰ ਮੌਜੂਦ ਰਹੇ।

ਰਚਨਾਤਮਕ ਗਤੀਵਿਧੀਆਂ ਨਾਲ ਵਿਦਿਆਰਥੀਆਂ ਵਿੱਚ ਮਜ਼ਬੂਤ ਹੁੰਦੀ ਹੈ ਦੇਸ਼ ਭਗਤੀ ਦੀ ਭਾਵਨਾ: ਸਾਹਿਲ ਭਿਆਨਾ

ਪੈ.ਗਾਮ-ਏ-ਜਗਤ ਹਾਂਸੀ (ਦਿਨਕਰ ਗਾਵੜੀ)



ਸੇਵਾ ਸੰਕਲਪ ਅਭਿਆਨ ਤਹਿਤ 'ਸੇਵਾ ਦੇ ਰੰਗ ਰਾਸ਼ਟਰ ਦੇ ਸੰਗ' ਥੀਮ 'ਤੇ ਵੀਰਵਾਰ ਨੂੰ ਸਰਕਾਰੀ ਮਾਡਲ ਸੰਸਕ੍ਰਿਤੀ ਸੀਨੀਅਰ ਸੈਕੰਡਰੀ ਸਕੂਲ, ਹਾਂਸੀ ਵਿੱਚ ਜ਼ਿਲ੍ਹਾ ਪੱਧਰੀ ਰੰਗੋਲੀ ਮੁਕਾਬਲਾ ਆਯੋਜਿਤ ਕੀਤਾ ਗਿਆ। ਵਿਦਿਆਰਥੀਆਂ ਨੇ ਰੰਗਾਂ

- **'ਸੇਵਾ ਦੇ ਰੰਗ ਰਾਸ਼ਟਰ ਦੇ ਸੰਗ' ਥੀਮ ਤਹਿਤ ਜ਼ਿਲ੍ਹਾ ਪੱਧਰੀ ਰੰਗੋਲੀ ਮੁਕਾਬਲਾ ਆਯੋਜਿਤ**

ਅਤੇ ਕਲਾਤਮਕ ਪ੍ਰਗਟਾਵੇ ਰਾਹੀਂ ਦੇਸ਼ ਭਗਤੀ, ਭਾਰਤੀ ਸੱਭਿਆਚਾਰ ਅਤੇ ਰਾਸ਼ਟਰੀ ਏਕਤਾ ਦਾ ਸੰਦੇਸ਼ ਦਿੱਤਾ। ਵਿਧਾਇਕ ਵਿਨੋਦ ਭਿਆਨਾ ਦੇ ਪ੍ਰਤੀਨਿਧੀ ਵਜੋਂ ਉਨ੍ਹਾਂ ਦੇ ਪੁੱਤਰ ਸਾਹਿਲ ਭਿਆਨਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਪ੍ਰੋਗਰਾਮ ਵਿੱਚ ਭਾਜਪਾ ਜ਼ਿਲ੍ਹਾ ਪ੍ਰਧਾਨ ਅਸ਼ੋਕ ਸੈਣੀ, ਜ਼ਿਲ੍ਹਾ ਜਨਰਲ ਸਕੱਤਰ ਧਰਮਬੀਰ ਰਤੇਰੀਆ, ਜ਼ਿਲ੍ਹਾ ਸਿੱਖਿਆ ਅਧਿਕਾਰੀ ਮਹਿੰਦਰ ਸਿੰਘ, ਜ਼ਿਲ੍ਹਾ ਮੌਲਿਕ ਸਿੱਖਿਆ ਅਧਿਕਾਰੀ ਵਿਨੋਦ ਕੁਮਾਰ, ਸਾਬਕਾ ਭਾਜਪਾ ਮੰਡਲ ਪ੍ਰਧਾਨ ਅਸ਼ੋਕ ਢਾਲੀਆ, ਖੰਡ ਸਿੱਖਿਆ ਅਧਿਕਾਰੀ ਸੁਨੀਲ ਕੁਮਾਰ ਅਤੇ ਪੁਨੀਤ ਮਦਾਨ ਸਹਿਤ ਸਕੂਲ ਸਟਾਫ ਅਤੇ ਵਿਦਿਆਰਥੀ ਮੌਜੂਦ ਰਹੇ। ਮਹਿਮਾਨਾਂ ਨੇ ਵਿਦਿਆਰਥੀਆਂ ਵੱਲੋਂ ਤਿਆਰ ਰੰਗੋਲੀਆਂ ਦਾ ਅਵਲੋਕਨ ਕਰਕੇ ਉਨ੍ਹਾਂ ਦੀ ਪ੍ਰਤਿਭਾ ਦੀ ਸ਼ਲਾਘਾ ਕੀਤੀ।

ਸਾਹਿਲ ਭਿਆਨਾ ਨੇ ਕਿਹਾ ਕਿ ਸੇਵਾ ਸੰਕਲਪ ਅਭਿਆਨ ਤਹਿਤ ਆਯੋਜਿਤ ਗਤੀਵਿਧੀਆਂ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਸਮਾਜ ਅਤੇ ਰਾਸ਼ਟਰ ਪ੍ਰਤੀ ਜ਼ਿੰਮੇਵਾਰੀਆਂ ਨਾਲ ਜੋੜਨ ਦਾ ਮਾਧਿਅਮ ਹਨ। ਰੰਗੋਲੀ ਰਾਹੀਂ ਵਿਦਿਆਰਥੀਆਂ ਨੇ ਕਲਾ ਪ੍ਰਤਿਭਾ ਦੇ ਨਾਲ ਦੇਸ਼ ਭਗਤੀ ਅਤੇ ਰਾਸ਼ਟਰੀ ਏਕਤਾ ਦੀ ਭਾਵਨਾ ਨੂੰ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਦੇਸ਼ ਦਾ ਭਵਿੱਖ ਹੈ ਅਤੇ ਉਨ੍ਹਾਂ ਵਿੱਚ ਦੇਸ਼ ਭਗਤੀ, ਸੇਵਾ, ਅਨੁਸ਼ਾਸਨ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਸਮੂਹਿਕ ਜ਼ਿੰਮੇਵਾਰੀ ਹੈ।

ਇਸੇ ਲੜੀ ਵਿੱਚ ਸ੍ਰੀ ਕਾਲੀ ਦੇਵੀ ਵਿੱਦਿਆ ਮੰਦਰ ਕੰਪਲੈਕਸ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਭਾਰਤ ਦੇ ਨਕਸ਼ੇ ਦੀ ਮਨੁੱਖੀ ਲੜੀ ਬਣਾ ਕੇ ਰਾਸ਼ਟਰੀ ਏਕਤਾ, ਅਖੰਡਤਾ ਅਤੇ ਦੇਸ਼ ਪ੍ਰੇਮ ਦਾ ਸੰਦੇਸ਼ ਦਿੱਤਾ। ਇਸ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਸੱਭਿਆਚਾਰਕ ਪੇਸ਼ਕਾਰੀਆਂ ਵੀ ਦਿੱਤੀਆਂ। ਸਾਹਿਲ ਭਿਆਨਾ, ਅਸ਼ੋਕ ਸੈਣੀ, ਧਰਮਬੀਰ ਰਤੇਰੀਆ, ਐਸਡੀਐਮ ਰਾਜੇਸ਼ ਖੋਥ ਅਤੇ ਹੋਰ ਮਹਿਮਾਨਾਂ ਨੇ ਮਨੁੱਖੀ ਲੜੀ ਦਾ ਅਵਲੋਕਨ ਕੀਤਾ।

ਐਸਡੀਐਮ ਰਾਜੇਸ਼ ਖੋਥ ਨੇ ਕਿਹਾ ਕਿ ਬੱਚਿਆਂ ਵਿੱਚ ਦੇਸ਼ ਭਗਤੀ ਅਤੇ ਰਾਸ਼ਟਰ ਪ੍ਰੇਮ ਦੀ ਭਾਵਨਾ ਉਨ੍ਹਾਂ ਦੇ ਵਿਵਹਾਰ ਅਤੇ ਗਤੀਵਿਧੀਆਂ ਵਿੱਚ ਵੀ ਦਿਖਾਈ ਦੇਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਸੇਵਾ ਸੰਕਲਪ ਅਭਿਆਨ ਦਾ ਉਦੇਸ਼ ਜਨ ਸੇਵਾ, ਜਨ ਭਾਗੀਦਾਰੀ ਅਤੇ ਸਮਾਜਿਕ ਸਰੋਕਾਰਾਂ ਨੂੰ ਉਤਸ਼ਾਹਿਤ ਕਰਨਾ ਹੈ। ਵਿਦਿਆਰਥੀਆਂ ਦੀਆਂ ਅਜਿਹੀਆਂ ਗਤੀਵਿਧੀਆਂ ਰਾਸ਼ਟਰੀ ਏਕਤਾ, ਅਨੁਸ਼ਾਸਨ, ਸਹਿਯੋਗ ਅਤੇ ਜ਼ਿੰਮੇਵਾਰੀ ਦੀ ਭਾਵਨਾ ਨੂੰ ਮਜ਼ਬੂਤ ਕਰਦੀਆਂ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਰਚਨਾਤਮਕ ਅਤੇ ਰਾਸ਼ਟਰ ਹਿੱਤ ਦੀਆਂ ਗਤੀਵਿਧੀਆਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਦਾ ਸੱਦਾ ਦਿੱਤਾ।

ਮਾਤਾ-ਪਿਤਾ ਦੇ ਸਨਮਾਨ ਅਤੇ ਗਊ ਸੇਵਾ ਦੇ ਸੰਦੇਸ਼ ਨੂੰ ਸਮਰਪਿਤ ਪ੍ਰੋਗਰਾਮ 26 ਸਤੰਬਰ ਨੂੰ

ਮੋਹਾਲੀ, 24 ਸਤੰਬਰ (ਪੈ.ਗਾਮ-ਏ-ਜਗਤ)

ਮਾਤ ਪਿਤਾ ਗਊਧਾਮ ਮਹਾਤੀਰਥ ਵਿੱਚ 26 ਸਤੰਬਰ ਨੂੰ ਬੇਬੀ ਕਾਨਵੈਂਟ ਸਕੂਲ ਦੇ ਸਹਿਯੋਗ ਨਾਲ ਮਾਤਾ-ਪਿਤਾ ਦੇ ਸਨਮਾਨ ਅਤੇ ਗਊ ਸੇਵਾ ਦੇ ਸੰਦੇਸ਼ ਨੂੰ ਸਮਰਪਿਤ 'ਕਨੈਕਟਿੰਗ ਸੋਸਾਇਟੀ' ਪ੍ਰੋਗਰਾਮ ਦਾ ਆਯੋਜਨ ਕੀਤਾ ਜਾਵੇਗਾ। ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੂੰ ਮਾਤਾ-ਪਿਤਾ ਦਾ ਸਨਮਾਨ, ਸੇਵਾ ਭਾਵ, ਆਦਰ ਅਤੇ ਗਊ ਮਾਤਾ ਲਈ ਸਮਰਪਣ ਦੇ ਭਾਵ ਨੂੰ ਜਾਗ੍ਰਿਤ ਕਰਨਾ ਤੇ ਉਨ੍ਹਾਂ ਨੂੰ ਆਉਣ ਵਾਲੇ ਭਵਿੱਖ ਲਈ ਭਾਰਤੀ ਸੱਭਿਆਚਾਰ ਨਾਲ ਜੁੜਨ ਦਾ ਸੰਦੇਸ਼ ਦਿੱਤਾ ਜਾਵੇਗਾ। ਪ੍ਰੋਗਰਾਮ ਵਿੱਚ ਸਕੂਲ ਦੇ ਵਿਦਿਆਰਥੀਆਂ ਵੱਲੋਂ ਮਾਤਾ-ਪਿਤਾ ਅਤੇ ਗਊ ਮਾਤਾ 'ਤੇ ਆਧਾਰਿਤ ਨਾਅਰੇ (ਸਲੋਗਨ) ਅਤੇ ਗੀਤ ਮੁਕਾਬਲੇ ਦਾ ਆਯੋਜਨ ਕੀਤਾ ਜਾਵੇਗਾ। ਭਾਗ ਲੈਣ ਵਾਲੇ ਜੇਤੂ ਵਿਦਿਆਰਥੀਆਂ ਨੂੰ ਮਾਤ-ਪਿਤਾ ਗਊਧਾਮ ਮਹਾਤੀਰਥ ਦੇ ਸੰਸਥਾਪਕ ਗਊਚਰਦਾਸ ਗਿਆਨਚੰਦ ਵਾਲੀਆ ਵੱਲੋਂ ਇਨਾਮ ਦਿੱਤੇ ਜਾਣਗੇ।

ਫਾਸਟ ਟਰੈਕ ਅਦਾਲਤ ਨੇ ਪੋਕਸੋ ਮਾਮਲੇ ਵਿੱਚ ਦੋਸ਼ੀ ਨੂੰ 10 ਸਾਲ ਦੀ ਸਖ਼ਤ ਕੈਦ ਅਤੇ ਜੁਰਮਾਨਾ ਸੁਣਾਇਆ

ਪੈਗਾਮ-ਏ-ਜਗਤ ਅੰਬਾਲਾ, 24 ਸਤੰਬਰ (ਆਰ.ਸਿੰਘ)

ਔਰਤਾਂ ਅਤੇ ਬੱਚਿਆਂ ਵਿਰੁੱਧ ਅਪਰਾਧਾਂ ਪ੍ਰਤੀ ਅੰਬਾਲਾ ਪੁਲੀਸ ਦੀ ਜ਼ੀਰੋ-ਟੌਲਰੈਂਸ ਨੀਤੀ ਅਤੇ ਤੇਜ਼ ਨਿਆਂ ਯਕੀਨੀ ਬਣਾਉਣ ਦੀ ਉਨ੍ਹਾਂ ਦੀ ਵਚਨਬੱਧਤਾ ਦੀ ਇੱਕ ਹੋਰ ਮਿਸਾਲ ਸਾਹਮਣੇ ਆਈ ਹੈ। ਐਡੀਸ਼ਨਲ ਸੈਸ਼ਨ ਜੱਜ ਅਤੇ ਫਾਸਟ ਟਰੈਕ ਵਿਸ਼ੇਸ਼ ਅਦਾਲਤ (ਪੋਕਸੋ ਐਕਟ), ਅੰਬਾਲਾ ਡਾ. ਗਗਨਦੀਪ ਮਿੱਤਲ ਦੀ ਅਦਾਲਤ ਨੇ ਪੋਕਸੋ ਐਕਟ ਅਤੇ ਹੋਰ ਗੰਭੀਰ ਧਾਰਾਵਾਂ ਨਾਲ ਜੁੜੇ ਇੱਕ ਮਾਮਲੇ ਵਿੱਚ ਸਖ਼ਤ ਫੈਸਲਾ ਸੁਣਾਉਂਦੇ ਹੋਏ ਦੋਸ਼ੀ ਨੂੰ 10 ਸਾਲ ਦੀ ਸਖ਼ਤ ਕੈਦ ਅਤੇ ਜੁਰਮਾਨਾ ਲਾਇਆ ਹੈ। ਇਹ ਨਿਆਂ ਪੁਲੀਸ ਦੁਆਰਾ ਅਦਾਲਤ ਵਿੱਚ ਪੇਸ਼ ਕੀਤੇ ਗਏ ਮਜ਼ਬੂਤ ਸਬੂਤਾਂ, ਵਿਗਿਆਨਕ ਸਬੂਤਾਂ ਅਤੇ ਮਜ਼ਬੂਤ ਕਾਨੂੰਨੀ ਵਕਾਲਤ ਕਾਰਨ ਪ੍ਰਾਪਤ ਹੋਇਆ ਹੈ। ਮਾਮਲਾ ਸ਼ਾਹਜ਼ਾਦਪੁਰ ਥਾਣੇ ਦਾ ਸੀ ਜਿਸ ਦੇ ਤਹਿਤ ਪੁਲੀਸ ਨੇ ਦੋਸ਼ੀ ਨੂੰ 15 ਮਾਰਚ 2024 ਨੂੰ ਗ੍ਰਿਫ਼ਤਾਰ ਕੀਤਾ ਸੀ। ਮੁਲਜ਼ਮ ਦੀ ਪਛਾਣ ਸੁਨੀਲ ਉਰਫ਼ ਸਿੱਲੂ ਪੁੱਤਰ ਬਲਕਾਰ ਸਿੰਘ ਵਾਸੀ ਟੀਕ, ਜ਼ਿਲ੍ਹਾ ਕੈਥਲ ਵਜੋਂ ਹੋਈ ਸੀ। ਮਾਣਯੋਗ ਅਦਾਲਤ ਨੇ ਦੋਹਾਂ ਧਿਰਾਂ ਦੀਆਂ ਦਲੀਲਾਂ ਸੁਣਨ, ਗਵਾਹਾਂ ਦੇ ਬਿਆਨਾਂ ਅਤੇ ਠੋਸ ਸਬੂਤਾਂ ਦੀ ਧਿਆਨ ਨਾਲ ਜਾਂਚ ਕਰਨ ਤੋਂ ਬਾਅਦ ਅਦਾਲਤ ਨੇ ਦੋਸ਼ੀ ਨੂੰ ਪੋਕਸੋ ਐਕਟ (ਧਾਰਾ 4) ਦੇ ਤਹਿਤ 10 ਸਾਲ ਦੀ ਸਖ਼ਤ ਕੈਦ ਅਤੇ 5,000 ਰੁਪਏ ਜੁਰਮਾਨਾ, ਪੋਕਸੋ ਐਕਟ (ਧਾਰਾ 8) ਦੇ ਤਹਿਤ 3 ਸਾਲ ਦੀ ਸਖ਼ਤ ਕੈਦ ਅਤੇ 3,000 ਰੁਪਏ ਜੁਰਮਾਨਾ, ਭਾਰਤੀ ਦੰਡ ਸੰਹਿਤਾ (ਧਾਰਾ 363) ਦੇ ਤਹਿਤ 3 ਸਾਲ ਦੀ ਸਖ਼ਤ ਕੈਦ ਅਤੇ 3,000 ਰੁਪਏ ਜੁਰਮਾਨਾ ਅਤੇ ਭਾਰਤੀ ਦੰਡ ਸੰਹਿਤਾ ਦੇ ਤਹਿਤ 3 ਸਾਲ ਦੀ ਸਖ਼ਤ ਕੈਦ ਅਤੇ 3,000 ਰੁਪਏ ਦਾ ਜੁਰਮਾਨਾ ਦੀਆਂ ਸਜ਼ਾਵਾਂ ਸੁਣਾਈਆਂ ਹਨ ਜੋ ਅਦਾਲਤ ਦੇ ਹੁਕਮ ਅਨੁਸਾਰ ਇੱਕੋ ਸਮੇਂ ਚੱਲਣਗੀਆਂ।

ਜਨਤਾ ਦਰਬਾਰ ਵਿੱਚ ਮੰਤਰੀ ਵਿਜ ਨੇ ਐਮਈਐਸ ਠੇਕੇਦਾਰ ਖ਼ਿਲਾਫ਼ ਜਾਂਚ ਤੋਂ ਬਾਅਦ ਐਫਆਈਆਰ ਦੇ ਦਿੱਤੇ ਨਿਰਦੇਸ਼

ਪੈ.ਗਾਮ-ਏ-ਜਗਤ/ਅੰਬਾਲਾ 24 ਸਤੰਬਰ (ਆਰ. ਸਿੰਘ)

- **ਬ੍ਰਾਹਮਣ ਮਾਜਰਾ ਵਿੱਚ ਗੈਰ-ਕਾਨੂੰਨੀ ਕਬਜ਼ੇ ਦੀ ਸ਼ਿਕਾਇਤ 'ਤੇ ਐਸਡੀਐਮ ਨੂੰ ਜਾਂਚ ਦੇ ਹੁਕਮ**



ਹਰਿਆਣਾ ਦੇ ਊਰਜਾ, ਆਵਾਜਾਈ ਅਤੇ ਕਿਰਤ ਮੰਤਰੀ ਅਨਿਲ ਵਿਜ ਨੇ ਅੱਜ ਅੰਬਾਲਾ ਛਾਉਣੀ ਪੀਡਬਲਯੂਡੀ ਰੈਸਟ ਹਾਊਸ ਵਿਖੇ ਜਨਤਾ ਦਰਬਾਰ ਦੌਰਾਨ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਅਤੇ ਕਾਰਵਾਈ ਨਾ ਕਰਨ 'ਤੇ ਕਈ ਅਧਿਕਾਰੀਆਂ ਨੂੰ ਫਟਕਾਰ ਲਾਈ। ਉਨ੍ਹਾਂ ਅਧਿਕਾਰੀਆਂ ਨੂੰ ਅੱਜ ਪ੍ਰਾਪਤ ਸ਼ਿਕਾਇਤਾਂ 'ਤੇ ਅਗਲੇ ਹਫ਼ਤੇ ਦੀ ਜਨਤਕ ਸੁਣਵਾਈ ਤੋਂ ਪਹਿਲਾਂ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ।

ਐਮਈਐਸ ਵਿੱਚ ਠੇਕੇ 'ਤੇ ਕੰਮ ਕਰਦੇ ਨੌਜਵਾਨਾਂ ਨੇ ਸ਼ਿਕਾਇਤ ਕੀਤੀ ਕਿ ਠੇਕੇਦਾਰ ਨੇ ਉਨ੍ਹਾਂ ਦੀ ਤਨਖ਼ਾਹ ਵਿੱਚੋਂ 8,000 ਰੁਪਏ ਰੋਕ ਲਏ ਅਤੇ ਪਿਛਲੇ 2 ਮਹੀਨਿਆਂ ਤੋਂ ਭੁਗਤਾਨ ਨਹੀਂ ਕੀਤਾ। ਮੰਤਰੀ ਨੇ ਕਿਰਤ ਵਿਭਾਗ ਦੇ ਅਧਿਕਾਰੀਆਂ ਨੂੰ ਮਾਮਲੇ ਦੀ ਜਾਂਚ ਕਰਕੇ ਦੋਸ਼ੀਆਂ ਖ਼ਿਲਾਫ਼ ਕੇਸ ਦਰਜ ਕਰਨ ਦੇ ਨਿਰਦੇਸ਼ ਦਿੱਤੇ।

ਰੇਲਵੇ ਰੋਡ ਦੀ ਇੱਕ ਔਰਤ ਨੇ 1.17 ਲੱਖ ਰੁਪਏ ਦਾ ਬਿਜਲੀ ਬਿੱਲ ਭੇਜਣ ਅਤੇ ਬਿਜਲੀ ਕੱਟਣ ਦੀ ਸ਼ਿਕਾਇਤ ਕੀਤੀ। ਵਿਜ ਨੇ ਅਧਿਕਾਰੀਆਂ ਨੂੰ ਜਾਂਚ ਕਰਕੇ ਰਾਤ ਤੱਕ ਬਿਜਲੀ ਸਪਲਾਈ ਬਹਾਲ ਕਰਨ ਅਤੇ ਬਕਾਇਆ ਰਕਮ ਦੀ ਜ਼ਿੰਮੇਵਾਰੀ ਤੈਅ ਕਰਨ ਦੇ ਹੁਕਮ ਦਿੱਤੇ। ਬ੍ਰਾਹਮਣ ਮਾਜਰਾ ਦੇ ਇੱਕ ਨੌਜਵਾਨ ਨੇ ਪਿੰਡ ਦੀ ਜ਼ਮੀਨ 'ਤੇ ਕਬਜ਼ਾ ਕਰਕੇ ਇਮਾਰਤਾਂ ਬਣਾਉਣ ਦੀ ਸ਼ਿਕਾਇਤ ਕੀਤੀ। ਉਸ ਨੇ ਦੱਸਿਆ ਕਿ ਉਸਾਰੀ ਤੋਂ ਪਹਿਲਾਂ ਬੀਡੀਪੀਓ ਨੂੰ ਸ਼ਿਕਾਇਤ ਕਰਨ ਦੇ ਬਾਵਜੂਦ ਕਾਰਵਾਈ ਨਹੀਂ ਹੋਈ। ਮੰਤਰੀ ਨੇ ਬੀਡੀਪੀਓ ਨੂੰ ਫਟਕਾਰ ਲਾਉਂਦਿਆਂ ਛਾਉਣੀ ਦੇ ਐਸਡੀਐਮ ਨੂੰ ਮਾਮਲੇ ਦੀ ਜਾਂਚ ਕਰਕੇ ਦੋਸ਼ੀ ਪਾਏ ਜਾਣ ਵਾਲਿਆਂ ਖ਼ਿਲਾਫ਼ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਸ਼ਾਹਬਾਦ ਦੀ ਇੱਕ ਔਰਤ ਨੇ ਦੁਕਾਨ ਲਈ ਬਿਜਲੀ ਮੀਟਰ ਲਗਵਾਉਣ ਦੌਰਾਨ 1.5 ਲੱਖ ਰੁਪਏ ਦਾ ਬਕਾਇਆ ਬਿਜਲੀ ਬਿੱਲ ਦੱਸੇ ਜਾਣ ਦੀ ਸ਼ਿਕਾਇਤ ਕੀਤੀ। ਮੰਤਰੀ ਨੇ ਕੁਰੂਕਸ਼ੇਤਰ ਬਿਜਲੀ ਨਿਗਮ ਦੇ ਐਸਈ ਨੂੰ ਮਾਮਲੇ ਵਿੱਚ ਕਾਰਵਾਈ ਦੇ ਹੁਕਮ ਦਿੱਤੇ। ਇਸ ਤੋਂ ਇਲਾਵਾ ਵਿਜ ਨੇ ਰਾਏ ਮਾਰਕੀਟ ਪਾਵਰ ਸਟੇਸ਼ਨ ਦੀ ਇਮਾਰਤ ਦੇ ਨਵੀਨੀਕਰਨ ਲਈ ਸਿਧਾਂਤਕ ਪ੍ਰਵਾਨਗੀ ਦਿੱਤੀ। ਉਨ੍ਹਾਂ ਅੰਬਾਲਾ ਸਦਰ ਨਗਰ ਪ੍ਰੀਸ਼ਦ ਅਧੀਨ ਪਿੰਡਾਂ ਵਿੱਚ ਕੰਕਰੀਟ ਨਾਲੀਆਂ ਬਣਾਉਣ, ਬੋਹ ਵਿੱਚ ਪੱਕੀ ਸੜਕ ਲਈ ਅਨੁਮਾਨ ਤਿਆਰ ਕਰਨ ਅਤੇ ਟਾਂਗਰੀ ਨਦੀ ਬੰਨ੍ਹ ਰੋਡ 'ਤੇ ਰਾਤ ਦੀ ਪੁਲੀਸ ਗਸ਼ਤ ਤੇ ਸਟਰੀਟ ਲਾਈਟਾਂ ਵਧਾਉਣ ਦੇ ਨਿਰਦੇਸ਼ ਵੀ ਦਿੱਤੇ। ਇਸ ਮੌਕੇ ਵਿਕਾਸ ਤੇ ਪੰਚਾਇਤ ਮੰਤਰੀ ਕ੍ਰਿਸ਼ਨ ਲਾਲ ਪੰਵਾਰ ਨੇ ਵੀ ਵਿਜ ਨਾਲ ਮੁਲਾਕਾਤ ਕੀਤੀ। ਐਸਡੀਐਮ ਕਨਿਕਾ ਗੋਇਲ, ਡੀਐਸਪੀ ਵਿਜੇ ਕੁਮਾਰ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਜ ਨੇ ਕਿਹਾ ਕਿ ਜਨਤਾ ਦਰਬਾਰ ਵਿੱਚ ਪ੍ਰਾਪਤ ਸ਼ਿਕਾਇਤਾਂ 'ਤੇ ਮੌਕੇ 'ਤੇ ਕਾਰਵਾਈ ਦੇ ਨਿਰਦੇਸ਼ ਦਿੱਤੇ ਗਏ ਹਨ ਅਤੇ ਅਧਿਕਾਰੀਆਂ ਨੂੰ ਅਗਲੇ ਹਫ਼ਤੇ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ ਹੈ।

ਸਿਮ੍ਰਿਤੀ ਈਰਾਨੀ ਦੀ ਹਰਿਆਣਾ ਇੰਚਾਰਜ ਵਜੋਂ ਨਿਯੁਕਤੀ ਬਾਰੇ ਉਨ੍ਹਾਂ ਕਿਹਾ ਕਿ ਉਹ ਇੱਕ ਹੁਨਰਮੰਦ ਰਣਨੀਤੀਕਾਰ ਹਨ ਅਤੇ ਉਨ੍ਹਾਂ ਦੀ ਨਿਯੁਕਤੀ ਨਾਲ ਸੰਗਠਨ ਤੇ ਸਰਕਾਰ ਨੂੰ ਲਾਭ ਹੋਵੇਗਾ।

ਪਸ਼ੂ ਵਿਗਿਆਨ ਕੇਂਦਰ, ਸਿਰਸਾ ਵਿਖੇ 7 ਦਿਨਾਂ ਭੇਡ ਅਤੇ ਬੱਕਰੀ ਪਾਲਣ ਸਿਖਲਾਈ ਕੈਂਪ ਦਾ ਸਫਲ ਸਮਾਪਨ

ਪੈ.ਗਾਮ-ਏ-ਜਗਤ ਹਰਿਆਣਾ/ਸਿਰਸਾ (ਦਿਨਕਰ ਗਾਵੜੀ)



ਵਿਸਤਾਰ ਸਿੱਖਿਆ ਨਿਦੇਸ਼ਾਲਿਆ ਅਧੀਨ ਸੰਚਾਲਿਤ ਪਸ਼ੂ ਵਿਗਿਆਨ ਕੇਂਦਰ, ਸਿਰਸਾ ਵਿਖੇ ਕਿਸਾਨਾਂ ਅਤੇ ਪਸ਼ੂ ਪਾਲਕਾਂ ਲਈ ਆਯੋਜਿਤ ਸੱਤ ਦਿਨਾਂ ਭੇਡ ਅਤੇ ਬੱਕਰੀ ਪਾਲਣ ਸਿਖਲਾਈ ਕੈਂਪ ਦਾ 22 ਸਤੰਬਰ 2026 ਨੂੰ ਸਫਲਤਾਪੂਰਵਕ ਸਮਾਪਨ ਹੋਇਆ। ਸਿਖਲਾਈ ਪ੍ਰੋਗਰਾਮ ਦਾ ਆਯੋਜਨ ਯੂਨੀਵਰਸਿਟੀ ਦੇ ਕੁਲਪਤੀ ਪ੍ਰੋ. ਡਾ. ਵਿਨੋਦ ਕੁਮਾਰ ਵਰਮਾ ਦੇ ਮਾਰਗਦਰਸ਼ਨ ਅਤੇ ਨਿਦੇਸ਼ਕ, ਵਿਸਤਾਰ ਸਿੱਖਿਆ ਡਾ. ਗੌਤਮ ਦੇ ਨਿਰਦੇਸ਼ਨ ਵਿੱਚ ਪਸ਼ੂ ਵਿਗਿਆਨ ਕੇਂਦਰ, ਸਿਰਸਾ ਦੇ ਇੰਚਾਰਜ ਡਾ. ਮਹਾਵੀਰ ਚੌਧਰੀ ਵੱਲੋਂ ਕੀਤਾ ਗਿਆ।

ਸਿਖਲਾਈ ਕੈਂਪ ਵਿੱਚ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਕਿਸਾਨਾਂ ਅਤੇ ਪਸ਼ੂ ਪਾਲਕਾਂ ਨੇ ਉਤਸ਼ਾਹ ਨਾਲ ਭਾਗ ਲਿਆ। ਸਿਖਲਾਈ ਦੌਰਾਨ ਖੇਤੀ ਵਿਗਿਆਨ ਕੇਂਦਰ, ਸਿਰਸਾ ਦੇ ਵਿਗਿਆਨੀ ਡਾ. ਦੇਵੇਂਦਰ ਜਾਖੜ ਅਤੇ ਡਾ. ਹਰਦੀਪ ਕਲਕਲ, ਡਾ. ਜੈ ਭਗਵਾਨ, ਸਹਾਇਕ ਪ੍ਰੋਫੈਸਰ, ਮੈਡੀਸਨ ਵਿਭਾਗ ਅਤੇ ਡਾ. ਅਮਿਤ ਪੂਨੀਆ, ਲੁਵਾਸ, ਹਿਸਾਰ ਨੇ ਭਾਗੀਦਾਰਾਂ ਨੂੰ ਭੇਡ ਅਤੇ ਬੱਕਰੀ ਪਾਲਣ ਨਾਲ ਸਬੰਧਤ ਮਹੱਤਵਪੂਰਨ ਵਿਸ਼ਿਆਂ 'ਤੇ ਵਿਗਿਆਨਕ ਅਤੇ ਵਿਹਾਰਕ ਜਾਣਕਾਰੀ ਪ੍ਰਦਾਨ ਕੀਤੀ।

ਸਿਖਲਾਈ ਦੌਰਾਨ ਮਾਹਿਰਾਂ ਨੇ ਭੇਡ ਅਤੇ ਬੱਕਰੀ ਪਾਲਣ ਦੀਆਂ ਆਧੁਨਿਕ ਅਤੇ ਵਿਗਿਆਨਕ ਤਕਨੀਕਾਂ 'ਤੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਭਾਗੀਦਾਰਾਂ ਨੂੰ ਉੱਨਤ ਨਸਲਾਂ ਦੀ ਚੋਣ, ਸੰਤੁਲਿਤ ਖ਼ੁਰਾਕ ਅਤੇ ਪੋਸ਼ਣ ਪ੍ਰਬੰਧਨ, ਉਚਿਤ ਰਿਹਾਇਸ਼ ਵਿਵਸਥਾ, ਨਿਯਮਤ ਟੀਕਾਕਰਨ, ਬਿਮਾਰੀਆਂ ਦੀ ਰੋਕਥਾਮ, ਜੈਵ-ਸੁਰੱਖਿਆ (ਬਾਇਓ-ਸਿਕਿਓਰਿਟੀ) ਅਤੇ ਵੱਖ-ਵੱਖ ਮੌਸਮਾਂ ਵਿੱਚ ਪਸ਼ੂਆਂ ਦੇ ਵਿਗਿਆਨਕ ਪ੍ਰਬੰਧਨ ਬਾਰੇ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ, ਯੂਨੀਵਰਸਿਟੀ ਵੱਲੋਂ ਵਿਕਸਤ ਉੱਚ ਗੁਣਵੱਤਾ ਵਾਲੇ ਖਣਿਜ ਮਿਸ਼ਰਣ ਦੇ ਨਿਯਮਤ ਉਪਯੋਗ, ਇਸ ਦੀ ਉਪਯੋਗਤਾ ਅਤੇ ਪਸ਼ੂਆਂ ਦੀ ਸਿਹਤ ਅਤੇ ਉਤਪਾਦਨ 'ਤੇ ਇਸ ਦੇ ਲਾਭਕਾਰੀ ਪ੍ਰਭਾਵਾਂ ਬਾਰੇ ਵੀ ਵਿਸਥਾਰ ਨਾਲ ਦੱਸਿਆ ਗਿਆ। ਸਿਖਲਾਈ ਦੌਰਾਨ ਭਾਗੀਦਾਰਾਂ ਨੂੰ ਭੇਡ ਅਤੇ ਬੱਕਰੀ ਪਾਲਣ ਵਿੱਚ ਅਪਣਾਈਆਂ ਜਾਣ ਵਾਲੀਆਂ ਵਿਹਾਰਕ ਤਕਨੀਕਾਂ ਤੋਂ ਵੀ ਜਾਣੂ ਕਰਵਾਇਆ ਗਿਆ, ਤਾਂ ਜੋ ਉਹ ਵਿਗਿਆਨਕ ਪ੍ਰਬੰਧਨ ਵਿਧੀਆਂ ਨੂੰ ਆਪਣੇ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰ ਸਕਣ। ਮਾਹਿਰਾਂ ਨੇ ਪਸ਼ੂ ਪਾਲਕਾਂ ਨੂੰ ਪਸ਼ੂਆਂ ਦੀ ਸਿਹਤ ਦੀ ਨਿਯਮਤ ਨਿਗਰਾਨੀ ਅਤੇ ਸਮੇਂ ਸਿਰ ਪਸ਼ੂ ਚਿਕਿਤਸਾ ਸੇਵਾਵਾਂ ਲੈਣ ਲਈ ਵੀ ਪ੍ਰੇਰਿਤ ਕੀਤਾ। ਸਮਾਪਨ ਮੌਕੇ 'ਤੇ ਸਫਲ ਭਾਗੀਦਾਰਾਂ ਨੂੰ ਸਿਖਲਾਈ ਸਰਟੀਫਿਕੇਟ ਪ੍ਰਦਾਨ ਕੀਤੇ ਗਏ। ਇਸ ਮੌਕੇ 'ਤੇ ਪਸ਼ੂ ਵਿਗਿਆਨ ਕੇਂਦਰ, ਸਿਰਸਾ ਦੇ ਇੰਚਾਰਜ ਡਾ. ਮਹਾਵੀਰ ਚੌਧਰੀ ਨੇ ਸਿਖਲਾਈ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਸਹਿਯੋਗ ਪ੍ਰਦਾਨ ਕਰਨ ਵਾਲੇ ਸਾਰੇ ਵਿਗਿਆਨੀਆਂ ਅਤੇ ਮਾਹਿਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਵਿਗਿਆਨਕ ਅਤੇ ਆਧੁਨਿਕ ਤਕਨੀਕਾਂ ਨੂੰ ਅਪਣਾ ਕੇ ਭੇਡ ਅਤੇ ਬੱਕਰੀ ਪਾਲਣ ਨੂੰ ਵਧੇਰੇ ਵਿਵਸਥਿਤ, ਟਿਕਾਊ ਅਤੇ ਲਾਭਕਾਰੀ ਕਾਰੋਬਾਰ ਵਜੋਂ ਵਿਕਸਤ ਕੀਤਾ ਜਾ ਸਕਦਾ ਹੈ। ਉਨ੍ਹਾਂ ਸਾਰੇ ਭਾਗੀਦਾਰਾਂ ਨੂੰ ਸਿਖਲਾਈ ਵਿੱਚ ਸਰਗਰਮ ਭਾਗੀਦਾਰੀ ਲਈ ਵਧਾਈ ਦਿੰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਅਤੇ ਸਫਲ ਪਸ਼ੂ ਪਾਲਣ ਕਾਰੋਬਾਰ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਏ.ਡੀ.ਸੀ. ਵੱਲੋਂ ਫਰਮ ਏਕਨੂਰ ਗਲੋਬਲਜ਼ ਓਵਰਸ਼ੀਜ਼ ਦੀ ਲਾਇਸੰਸ ਅਰਜ਼ੀ ਦਾਖਲ ਦ਼ਫਤਰ

ਸਾਹਿਬਜ਼ਾਦਾ ਅਜੀਤ ਸਿੰਘ ਨਗਰ 24 ਸਤੰਬਰ, (ਪੈ.ਗਾਮ-ਏ-ਜਗਤ)


ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀਮਤੀ ਗੀਤਿਕਾ ਸਿੰਘ ਨੇ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਤਹਿਤ ਫਰਮ ਏਕਨੂਰ ਗਲੋਬਲਜ਼ ਓਵਰਸ਼ੀਜ ਐਸ.ਸੀ.ਐਫ. ਨੰਬਰ 118, ਦੂਜੀ ਮੰਜ਼ਿਲ, ਫੇਜ਼-11, ਮੋਹਾਲੀ ਦੇ ਮਾਲਕ ਸ੍ਰੀ ਸਮਰਾਟ ਪੁੱਤਰ ਸ੍ਰੀ ਸੁਰਿੰਦਰ ਕੁਮਾਰ ਵਾਸੀ ਫਾਜ਼ਿਲਕਾ ਵੱਲੋਂ ਕੰਸਲਟੈਂਸੀ ਦਾ ਕੰਮ ਕਰਨ ਲਈ ਲਾਇਸੰਸ ਜਾਰੀ ਕਰਨ ਲਈ ਦਿੱਤੀ ਗਈ ਅਰਜ਼ੀ ਦਾਖਲ ਦਫ਼ਤਰ ਕਰ ਦਿੱਤੀ ਗਈ ਹੈ। ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਨੇ ਦੱਸਿਆ ਕਿ ਫਰਮ ਦੇ ਮਾਲਕ ਸ੍ਰੀ ਸਮਰਾਟ ਪੁੱਤਰ ਸੁਰਿੰਦਰ ਕੁਮਾਰ ਵਾਸੀ ਫਾਜ਼ਿਲਕਾ ਵੱਲੋਂ ਲਾਇਸੰਸ ਲਈ ਦਿੱਤੀ ਦਰਖਾਸਤ ਸਬੰਧੀ ਪੁਲਿਸ ਪੜਤਾਲ ਕਰਵਾਈ ਗਈ ਸੀ। ਇਸ ਦੌਰਾਨ ਪ੍ਰਾਰਥੀ ਵੱਲੋਂ ਲੋੜੀਂਦੇ ਦਸਤਾਵੇਜ਼ ਪੇਸ਼ ਨਾ ਕਰਨ ਅਤੇ ਫਾਈਲ ਦੀ ਵੈਰੀਫਿਕੇਸ਼ਨ ਲਈ ਸਹਿਯੋਗ ਨਾ ਕਰਨ ਦੀ ਗੱਲ ਸਾਹਮਣੇ ਆਈ।

ਪੜਤਾਲ ਦੌਰਾਨ ਫਰਮ ਦਾ ਦਫ਼ਤਰ ਬੰਦ ਪਾਇਆ ਗਿਆ ਅਤੇ ਪ੍ਰਾਰਥੀ ਦਾ ਮੋਬਾਇਲ ਫੋਨ ਵੀ ਬੰਦ ਪਾਇਆ ਗਿਆ। ਇਸ ਤੋਂ ਇਲਾਵਾ ਉਕਤ ਫਰਮ ਖ਼?ਲਾਫ਼ ਇੱਕ ਸ਼ਿਕਾਇਤ ਵੀ ਦਫ਼ਤਰ ਨੂੰ ਪ੍ਰਾਪਤ ਹੋਈ ਸੀ। ਇਸ ਸਬੰਧੀ ਪ੍ਰਾਰਥੀ ਨੂੰ ਨੋਟਿਸ ਜਾਰੀ ਕਰਕੇ ਬਿਨ੍ਹਾਂ ਲਾਇਸੰਸ ਕੰਮ ਕਰਨ ਸਬੰਧੀ ਸਪਸ਼ਟੀਕਰਨ ਮੰਗਿਆ ਗਿਆ ਸੀ, ਪਰ ਪ੍ਰਾਰਥੀ ਵੱਲੋਂ ਕੋਈ ਸਪਸ਼ਟੀਕਰਨ ਪੇਸ਼ ਨਹੀਂ ਕੀਤਾ ਗਿਆ। ਉਨਾਂ ਦੱਸਿਆ ਕਿ ਪੜਤਾਲ ਰਿਪੋਰਟ ਅਤੇ ਉਪਲਬਧ ਰਿਕਾਰਡ ਨੂੰ ਮੁੱਖ ਰੱਖਦਿਆਂ ਪ੍ਰਾਰਥੀ ਵੱਲੋਂ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ ਦੀ ਧਾਰਾ 3 ਦੀ ਉਲੰਘਣਾ ਕਰਕੇ ਬਿਨ੍ਹਾਂ ਲਾਇਸੰਸ ਕੰਮ ਕਰਨ ਦੇ ਤੱਥ ਸਾਹਮਣੇ ਆਉਣ ਕਾਰਨ ਕੰਸਲਟੈਂਸੀ ਦਾ ਲਾਇਸੰਸ ਜਾਰੀ ਕਰਨ ਸਬੰਧੀ ਦਰਖਾਸਤ ਦਾਖਲ ਦਫ਼ਤਰ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਭਵਿੱਖ ਵਿੱਚ ਉਕਤ ਪ੍ਰਾਰਥੀ ਜਾਂ ਫਰਮ ਖ਼ਿਲਾਫ਼ ਐਕਟ/ਰੂਲਾਂ ਤਹਿਤ ਕੋਈ ਸ਼ਿਕਾਇਤ ਪ੍ਰਾਪਤ ਹੋਣ 'ਤੇ ਉਸ ਦੀ ਜ਼ਿੰਮੇਵਾਰੀ ਸਬੰਧਤ ਪ੍ਰਾਰਥੀ/ਫਰਮ ਦੀ ਹੋਵੇਗੀ।

ਲਮਰੀਨ ਯੂਨੀਵਰਸਿਟੀ ਵਿੱਚ ਮਹਿਲਾ ਸਟਾਫ ਨੇ ਖੋਲ੍ਹਿਆ ਮੋਰਚਾ

ਪੈ.ਗਾਮ-ਏ-ਜਗਤ ਚੰਡੀਗੜ੍ਹ (ਹਰਮਿੰਦਰ ਨਾਗਪਾਲ)

- **ਜਾਅਲੀ ਐਡਮਿਸ਼ਨ-ਡਿਗਰੀ ਵਿੱਚ 'ਮਦਦ' ਦੇ ਦਬਾਅ ਦਾ ਦੋਸ਼, ਪ੍ਰੈਸ ਕਲੱਬ ਵਿੱਚ ਸੁਣਾਇਆ ਕਥਿਤ ਅਸ਼ਲੀਲ ਆਡੀਓ**
- **ਦੋ ਸੀਨੀਅਰ ਮਹਿਲਾ ਕਰਮਚਾਰੀਆਂ ਦਾ ਦਾਅਵਾ - ਨਿਯਮਾਂ 'ਤੇ ਸਵਾਲ ਉਠਾਏ ਤਾਂ ਸ਼ੁਰੂ ਹੋਈ ਪ੍ਰਤਾੜਨਾ**



ਲਮਰੀਨ ਟੈਕ ਸਕਿੱਲਸ ਯੂਨੀਵਰਸਿਟੀ ਵਿੱਚ ਕਥਿਤ ਬੇਨਿਯਮੀਆਂ ਨੂੰ ਲੈ ਕੇ ਦੋ ਸੀਨੀਅਰ ਮਹਿਲਾ ਸਟਾਫ ਮੈਂਬਰਾਂ ਨੇ ਬੁੱਧਵਾਰ ਨੂੰ ਪ੍ਰੈਸ ਕਲੱਬ ਚੰਡੀਗੜ੍ਹ ਵਿੱਚ ਮੋਰਚਾ ਖੋਲ੍ਹ ਦਿੱਤਾ। ਇੱਕ ਸਾਥੀ ਅਤੇ ਐਡਵੋਕੇਟ ਸੁਨੀਲ ਮੱਲਣ ਦੀ ਮੌਜੂਦਗੀ ਵਿੱਚ ਹੋਈ ਪ੍ਰੈਸ ਕਾਨਫਰੰਸ ਵਿੱਚ ਔਰਤਾਂ ਨੇ ਯੂਨੀਵਰਸਿਟੀ ਦੇ ਉੱਚ ਅਧਿਕਾਰੀਆਂ 'ਤੇ ਜਿਨਸੀ ਸ਼ੋਸ਼ਣ ਅਤੇ ਅਸ਼ਲੀਲ ਹਰਕਤ ਦੇ ਗੰਭੀਰ ਦੋਸ਼ ਲਗਾਏ, ਸ਼ਿਕਾਇਤਕਰਤਾਵਾਂ ਦਾ ਦਾਅਵਾ ਹੈ ਕਿ ਉਨ੍ਹਾਂ ਤੋਂ ਜਾਅਲੀ ਐਡਮਿਸ਼ਨ ਅਤੇ ਕਥਿਤ ਝੂਠੀ ਡਿਗਰੀ ਨਾਲ ਜੁੜੇ ਮਾਮਲਿਆਂ ਵਿੱਚ ਮਦਦ ਕਰਨ ਲਈ ਦਬਾਅ ਬਣਾਇਆ ਗਿਆ। ਉਨ੍ਹਾਂ ਨੇ ਦੋਸ਼ ਲਾਇਆ ਕਿ ਉਨ੍ਹਾਂ ਨੇ ਨਿਯਮਾਂ ਖਿਲਾਫ ਜਾਣ ਤੋਂ ਇਨਕਾਰ ਕੀਤਾ ਅਤੇ ਲਗਭਗ ਸਾਰੇ ਐਡਮਿਸ਼ਨ, ਪ੍ਰੀਖਿਆਵਾਂ ਅਤੇ ਪੀਐਚਡੀ ਪ੍ਰੋਗਰਾਮ ਦੀ ਪ੍ਰਕਿਰਿਆ 'ਤੇ ਸਵਾਲ ਉਠਾਏ ਤਾਂ ਕਥਿਤ ਤੌਰ 'ਤੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ। ਪ੍ਰੈਸ ਕਾਨਫਰੰਸ ਵਿੱਚ ਸ਼ਿਕਾਇਤਕਰਤਾਵਾਂ ਨੇ ਇੱਕ ਕਥਿਤ ਅਸ਼ਲੀਲ ਆਡੀਓ ਰਿਕਾਰਡਿੰਗ ਵੀ ਮੀਡੀਆ ਸਾਹਮਣੇ ਜਾਰੀ ਕੀਤੀ। ਔਰਤਾਂ ਦਾ ਦੋਸ਼ ਹੈ ਕਿ ਉਨ੍ਹਾਂ ਨੂੰ ਅਣਉਚਿਤ ਵਿਵਹਾਰ ਅਤੇ ਮਾਨਸਿਕ ਪ੍ਰਤਾੜਨਾ ਦਾ ਸਾਹਮਣਾ ਕਰਨਾ ਪਿਆ। ਇੱਕ ਸ਼ਿਕਾਇਤਕਰਤਾ ਨੇ ਖੁਦ ਨੂੰ ਕਥਿਤ ਛੇੜਛਾੜ ਦੀ ਪੀੜਤਾ ਦੱਸਦਿਆਂ ਪੂਰੇ ਮਾਮਲੇ ਦੀ ਸੁਤੰਤਰ ਜਾਂਚ ਦੀ ਮੰਗ ਕੀਤੀ।

ਸ਼ਿਕਾਇਤਕਰਤਾਵਾਂ ਅਨੁਸਾਰ, ਯੂਨੀਵਰਸਿਟੀ ਵਿੱਚ ਐਡਮਿਸ਼ਨ ਅਤੇ ਪ੍ਰੀਖਿਆ ਪ੍ਰਕਿਰਿਆ ਵਿੱਚ ਬਾਹਰੀ ਲੋਕਾਂ ਦੀ ਕਥਿਤ ਭੂਮਿਕਾ ਨੂੰ ਲੈ ਕੇ ਉਨ੍ਹਾਂ ਨੇ ਸਵਾਲ ਉਠਾਏ ਸਨ। ਪੀਐਚਡੀ ਪ੍ਰੋਗਰਾਮ ਦੇ ਨਿਯਮਾਂ ਅਤੇ ਪ੍ਰਕਿਰਿਆ 'ਤੇ ਵੀ ਇਤਰਾਜ਼ ਜਤਾਇਆ। ਉਨ੍ਹਾਂ ਦਾ ਦੋਸ਼ ਹੈ ਕਿ ਇਸ ਤੋਂ ਬਾਅਦ ਉਨ੍ਹਾਂ ਖਿਲਾਫ ਕਾਰਵਾਈ ਸ਼ੁਰੂ ਹੋਈ।

ਇੱਕ ਔਰਤ ਨੇ ਦਾਅਵਾ ਕੀਤਾ ਕਿ ਦਸੰਬਰ 2025 ਵਿੱਚ ਉਸ ਨੂੰ ਮਹੱਤਵਪੂਰਨ ਅਹੁਦੇ ਤੋਂ ਹਟਾ ਕੇ ਘੱਟ ਜ਼ਿੰਮੇਵਾਰੀਆਂ ਵਾਲੀ ਭੂਮਿਕਾ ਵਿੱਚ ਭੇਜ ਦਿੱਤਾ ਗਿਆ। ਇਸ ਤੋਂ ਬਾਅਦ 15 ਜੁਲਾਈ 2026 ਨੂੰ ਮੁਅੱਤਲ ਕਰਨ, ਤਨਖਾਹ ਵਿੱਚ 50 ਫੀਸਦੀ ਕਟੌਤੀ ਕਰਨ ਅਤੇ ਘੱਟ ਅਹੁਦੇ ਦੀ ਪੇਸ਼ਕਸ਼ ਕਰਨ ਦਾ ਦੋਸ਼ ਵੀ ਲਗਾਇਆ ਗਿਆ। ਸ਼ਿਕਾਇਤਕਰਤਾ ਨੇ ਪ੍ਰੋ ਵਾਈਸ-ਚਾਂਸਲਰ ਬੀਐਸ ਸੱਤਿਆਲ 'ਤੇ ਕਥਿਤ ਤੌਰ 'ਤੇ ਡਰਾਉਣ-ਧਮਕਾਉਣ ਅਤੇ ਅਪਮਾਨਜਨਕ ਵਿਵਹਾਰ ਦੇ ਦੋਸ਼ ਲਗਾਏ।

ਐਡਵੋਕੇਟ ਸੁਨੀਲ ਮੱਲਣ ਨੇ ਕਿਹਾ ਕਿ ਸ਼ਿਕਾਇਤਕਰਤਾਵਾਂ ਵੱਲੋਂ ਲਗਾਏ ਗਏ ਦੋਸ਼ਾਂ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਕਥਿਤ ਆਡੀਓ, ਦਸਤਾਵੇਜ਼ਾਂ ਅਤੇ ਹੋਰ ਸਬੂਤਾਂ ਦੀ ਜਾਂਚ ਕਰਕੇ ਸੱਚਾਈ ਸਾਹਮਣੇ ਲਿਆਉਣ ਦੀ ਮੰਗ ਕੀਤੀ। ਸ਼ਿਕਾਇਤਕਰਤਾਵਾਂ ਨੇ ਦੱਸਿਆ ਕਿ ਮਾਮਲੇ ਦੀ ਸ਼ਿਕਾਇਤ ਤੋਂ ਬਾਅਦ ਸਪੈਸ਼ਲ ਡੀਜੀਪੀ (ਕਮਿਊਨਿਟੀ ਅਫੇਅਰਜ਼ ਐਂਡ ਵੂਮੈਨ ਅਫੇਅਰਜ਼) ਗੁਰਪ੍ਰੀਤ ਦਿਓਲ ਨੇ ਜਾਂਚ ਦੇ ਆਦੇਸ਼ ਦਿੱਤੇ ਸਨ। ਏਆਈਜੀ ਵਤਸਲਾ ਗੁਪਤਾ ਨੂੰ ਕਾਰਜ ਸਥਾਨ 'ਤੇ ਕਥਿਤ ਉਤਪੀੜਨ, ਲਿੰਗਕ ਵਿਤਕਰੇ, ਬਦਲੇ ਦੀ ਕਾਰਵਾਈ ਅਤੇ ਰੁਜ਼ਗਾਰ ਸਬੰਧੀ ਅਧਿਕਾਰਾਂ ਨਾਲ ਜੁੜੇ ਦੋਸ਼ਾਂ ਦੀ ਜਾਂਚ ਕਰਨੀ ਸੀ।

ਪ੍ਰੋ. ਸਿੱਮੀ ਅਗਨੀਹੋਤਰੀ ਸਰਕਾਰੀ ਕਾਲਜ ਹਰੋਲੀ ਵਿੱਚ ਮਨਾਇਆ ਗਿਆ ਐਨ.ਐਸ.ਐਸ. ਦਿਵਸ

ਹਰੋਲੀ/ਊਨਾ, 24 ਸਤੰਬਰ (ਪੈ.ਗਾਮ-ਏ-ਜਗਤ)



ਪ੍ਰੋ. ਸਿੱਮੀ ਅਗਨੀਹੋਤਰੀ ਸਰਕਾਰੀ ਕਾਲਜ ਹਰੋਲੀ ਵਿੱਚ ਅੱਜ ਐਨਐਸਐਸ ਦਿਵਸ ਉਤਸ਼ਾਹ ਅਤੇ ਉਮੰਗ ਨਾਲ ਮਨਾਇਆ ਗਿਆ। ਪ੍ਰੋਗਰਾਮ ਦਾ ਆਯੋਜਨ ਕਾਲਜ ਦੀ ਐਨਐਸਐਸ ਇਕਾਈ ਵੱਲੋਂ ਕੀਤਾ ਗਿਆ, ਜਿਸ ਵਿੱਚ ਵਲੰਟੀਅਰਾਂ ਨੇ ਵੱਧ-ਚੜ੍ਹ ਕੇ ਭਾਗ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰਿੰਸੀਪਲ ਡਾ. ਰਾਜੇਂਦਰ ਕੁਮਾਰ ਦੇ ਕਰ-ਕਮਲਾਂ ਨਾਲ ਪੌਧਾ ਲਗਵਾ ਕੇ ਕੀਤੀ ਗਈ। ਐਨਐਸਐਸ ਇੰਚਾਰਜ ਡਾ. ਸ਼ਕੁੰਤਲਾ ਰਾਣਾ ਨੇ ਪ੍ਰਿੰਸੀਪਲ ਦਾ ਸਵਾਗਤ ਅਤੇ ਸਨਮਾਨ ਕੀਤਾ। ਰਾਜਵੀਰ ਚੋਪੜਾ ਪ੍ਰੋਗਰਾਮ ਦੌਰਾਨ ਵਲੰਟੀਅਰਾਂ ਵੱਲੋਂ ਪੋਸਟਰ ਮੁਕਾਬਲੇ, ਜਾਗਰੂਕਤਾ ਗਤੀਵਿਧੀਆਂ ਅਤੇ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ ਸਮਾਜ ਸੇਵਾ, ਸਫ਼ਾਈ, ਵਾਤਾਵਰਣ ਸੰਭਾਲ ਅਤੇ ਨਸ਼ਾ-ਮੁਕਤੀ ਵਰਗੇ ਮਹੱਤਵਪੂਰਨ ਵਿਸ਼ਿਆਂ ਬਾਰੇ ਸੰਦੇਸ਼ ਦਿੱਤਾ ਗਿਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਰਾਜੇਂਦਰ ਕੁਮਾਰ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਐਨਐਸਐਸ ਵਲੰਟੀਅਰਾਂ ਨੂੰ ਸਮਾਜ ਸੇਵਾ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਰਾਸ਼ਟਰੀ ਸੇਵਾ ਯੋਜਨਾ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਅਗਵਾਈ, ਸਹਿਯੋਗ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਵਿਕਸਿਤ ਕਰਨ ਦਾ ਇੱਕ ਮਹੱਤਵਪੂਰਨ ਮਾਧਿਅਮ ਹੈ। ਪ੍ਰੋਗਰਾਮ ਦੇ ਅੰਤ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਉਤਸ਼ਾਹਿਤ ਕੀਤਾ ਗਿਆ ਅਤੇ ਸਮਾਜਿਕ ਸਰੋਕਾਰਾਂ ਵਿੱਚ ਐਨਐਸਐਸ ਦੀ ਭੂਮਿਕਾ ਨੂੰ ਉਜਾਗਰ ਕੀਤਾ ਗਿਆ। ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਨੂੰ ਸਮਾਜ ਅਤੇ ਰਾਸ਼ਟਰ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਕਰਨਾ ਰਿਹਾ।